ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸਪਤਾਹਿਕ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਬਿਕ੍ਰਮੀ 1977 (1920 ਈ:) ਤੋਂ ਸਥਾਪਿਤ

# ਸਤਿਜੁਗ

ਕਲਿਜੁਗ ਮੇਂ ਸਤਿਜੁਗ ਵਰਤਾਊਂ॥ ਤਬੀ ਬਾਰਵਾਂ ਬਪੁ ਕਹਾਊਂ॥

www.sribhainisahib.com ਜਿਲਦ-24 ਨੰਬਰ-21

13 ਤੋਂ 19 ਸਾਵਣ 2073 - 28 July to 3 August 2016 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 201

## ਮਨ ਮੈ ਨਰਮਾਈ



ਪ੍ਰਮੇਸਰ ਨੇ ਏਨਾ ਦੇ ਸੰਤਰੀਆ ਦੇ ਮਨ ਮੈ ਨਰਮਾਈ ਪਾਈ ਹੈ ਤਾ ਏਹ ਕੁਛਕ ਬਾਤ ਕਰਾਇ ਦਿੰਦੇ ਹੈਨ । ਕੋਈ ਕੋਈ ਸੰਤਰੀ ਬੀ ਐਸੇ ਹੈ, ਬਾਹਰਿ ਆਦਮੀ ਨੂ ਖੜਾ ਨਹੀ ਹੋਣਿ ਦਿੰਦੇ ।

## ਦੋਵਾਂ ਗੁਰੂ ਸਾਹਿਬਾਨਾਂ ਦੇ ਪ੍ਰਕਾਸ਼ ਪੁਰਬ ਦੀਆਂ ਲੱਖ-ਲੱਖ ਵਧਾਈਆਂ



ਸ੍ਰੀ ਸਤਿਗੁਰੂ ਹਰਿਕ੍ਰਿਸ਼ਨ ਜੀ



ਸ੍ਰੀ ਸਤਿਗੁਰੂ ਉਦੈ ਸਿੰਘ ਜੀ

## ਸ੍ਰੀ ਗੁਰੂ ਹਰਿਕ੍ਰਿਸ਼ਨ ਜੀ

**ਹਰਭਜਨ ਕੌਰ ਚਾਨਾ (ਯੂ.ਕੇ.)**

ਸ੍ਰੀ ਹਰਿ ਕ੍ਰਿਸ਼ਨ ਜੀ ਦਾ ਪ੍ਰਕਾਸ਼ ਸੰਮਤ 1713 ਬਿ., 1656 ਜੁਲਾਈ 7 ਈਸਵੀ, ਦਿਨ ਬੁੱਧਵਾਰ, ਮਹੀਨਾ ਸਾਵਨ ਵਦੀ 8 ਕੀਰਤਪੁਰ ਵਿਖੇ ਪਿਤਾ ਸਤਿਗੁਰੂ ਹਰਿਰਾਇ ਜੀ ਮਾਤਾ ਕ੍ਰਿਸ਼ਨ ਕੌਰ ਜੀ ਦੇ ਗ੍ਰਹਿ ਵਿਖੇ ਹੋਇਆ। ਇਨ੍ਹਾਂ ਦੇ ਅਜੀਬ ਕੌਤਕ ਸਨ।

ਸ੍ਰੀ ਹਰਿ ਕ੍ਰਿਸ਼ਨ ਜੀ ਪੰਜ ਵਰਿਆਂ ਦੀ ਆਯੂ ਵਿਚ ਸੰਮਤ 1718 ਬਿਕ੍ਰਮੀ ਮੁਤਾਬਕ 1661 ਈਸਵੀ ਨੂੰ ਸ੍ਰੀ ਹਰਿਰਾਇ ਜੀ ਉਪਰੰਤ ਗੁਰਗੱਦੀ ਤੇ ਸੁਭਾਇਮਾਨ ਹੋਏ। ਸੰਗਤਾਂ ਦੇ ਵੇਖਣ ਲਈ ਇਹ ਬਾਲ ਗੋਪਾਲ ਸਨ ਪਰ ਸ਼ਕਤੀ, ਭਗਤੀ ਤੇ ਕਰਨ ਕਾਰਣ ਸਮਰਥ ਸਨ। ਇਨ੍ਹਾਂ ਦੇ ਦਰਸ਼ਨਾਂ ਨੂੰ ਸੰਗਤਾਂ, ਰਾਜੇ ਮਹਾਰਾਜੇ ਦੂਰੋਂ ਦੂਰੋਂ ਆਉਂਦੇ ਸਨ। ਜੋ ਵੀ ਭੇਟ ਆਉਂਦੀ ਆਪ ਗਰੀਬਾਂ ਨੂੰ ਵੰਡ ਦਿੰਦੇ ਸਨ। ਆਪ ਜੀ ਜਲ ਦੀ ਇਕ ਸੌ ਇਕ ਗਾਗਰ ਨਾਲ ਇਸ਼ਨਾਨ ਕਰਦੇ ਸਨ ਤੇ ਫਿਰ ਅੰਮ੍ਰਿਤ ਵੇਲੇ ਆ ਸੰਗਤਾਂ ਨੂੰ ਦਰਸ਼ਨ ਦਿੰਦੇ ਸਨ। ਇਹ ਰੋਗੀਆਂ ਦੇ ਰੋਗ ਇਕ ਛਿਨ ਵਿਚ ਦੂਰ ਕਰ ਦਿੰਦੇ ਸਨ। ਇਕ ਵਾਰ ਇਹ ਪਾਲਕੀ ਵਿਚ ਬੈਠ ਕੇ ਜਾ ਰਹੇ ਸਨ। ਅੱਗੋਂ ਇਕ ਕੋਹੜੀ ਅੱਗੇ ਪੈ ਕੇ ਰੋਣ ਲੱਗਾ। ਆਪ ਜੀ ਨੇ ਆਪਣਾ ਰੁਮਾਲ ਦੇ ਕੇ ਆਖਿਆ ਲੈ ਇਹ ਪਿੰਡੇ ਤੇ ਫੇਰ ਲੈ। ਉਸ ਨੇ ਝਟ ਪਟ ਆਪਣੇ ਪਿੰਡੇ ਤੇ ਫੇਰਿਆ ਤਾਂ ਉਹ ਠੀਕ ਹੋ ਗਿਆ। ਜਿਸ ਤਰ੍ਹਾਂ ਅਸੀਂ ਅਰਦਾਸ ਕਰਦੇ ਹਾਂ- ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸੁ ਡਿਠੇ ਸਭ ਦੁਖ ਜਾਏ। ਏਸੇ ਤਰ੍ਹਾਂ ਇਹ ਪਰਤਖ ਹੁੰਦੇ ਸਨ। ਸਤਿਗੁਰਾਂ ਦੀ ਸੋਭਾ ਦੂਰ ਦੂਰ ਤਕ ਫੈ਼ਲ ਗਈ।

(ਬਾਕੀ ਸਫਾ 2 'ਤੇ)

## ਤਖਤਿ ਬਹੈ ਤਖਤੈ ਕੀ ਲਾਇਕ

**ਦੇਵਿੰਦਰ ਸਿੰਘ ਗਿੱਲ ਜੀਆ ਨੱਥਾ**

ਜੋਤ ਬੁਝਦੀ ਨਹੀਂ, ਜੋਤ ਜਾਮਾ ਬਦਲਦੀ ਹੈ ਅਤੇ ਸਮੇਂ ਅਨੁਸਾਰ ਆਪਣਾ ਨਵਾਂ ਰੂਪ ਧਾਰਨ ਕਰ ਲੈਂਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਚਿਤਵੇ ਹੋਏ ਨਾਨਕ ਰਾਜ ਦੀ ਇਹ ਵਿਲਖਣਤਾ ਹੈ ਕਿ ਨਾਨਕ ਰਾਜ ਦੇ ਤਖਤ ਤੇ ਨਵੀਂ ਜੋਤ ਅਰਥਾਤ ਨਵਾਂ ਗੁਰੂ ਉਹ ਹੀ ਬੈਠ ਸਕਦਾ ਹੈ ਜੋ ਸਤਿਗੁਰੂ ਜੀ ਦੀ ਪ੍ਰੀਖਿਆ ਵਿਚ ਕਾਮਯਾਬ ਹੋ ਗਿਆ ਹੋਵੇ। ਨਵੀਂ ਜੋਤ ਦੇ ਕਦੇ ਸਕੇ ਸੰਬੰਧੀ ਅਤੇ ਕਦੇ ਭਰਾ ਅਤੇ ਕਦੇ ਸਮੇਂ ਦੀ ਸਰਕਾਰ ਅਕਾਰਣ ਹੀ ਉਸਦੇ ਵਿਰੋਧੀ ਬਣ ਜਾਂਦੇ ਰਹੇ ਅਤੇ ਇਥੋਂ ਤਕ ਕੀ ਉਸਦੀ ਜਾਨ ਦੇ ਦੁਸ਼ਮਣ ਬਣ ਜਾਂਦੇ ਹਨ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਵਰਤਮਾਨ ਸਮੇਂ ਤਕ ਅਨੇਕ ਦੁਸ਼ਮਣ ਦਾਤੂ, ਦਾਸੂ, ਪ੍ਰਿਥੀਚੰਦ, ਧੀਰਮਲ, ਸ਼ੀਹਾ ਮਸੰਦ ਅਤੇ ਸਰਕਾਰੀ ਹਾਕਮ ਸੁਲਹੀ ਖਾਨ, ਸੁਲਭੀ ਖਾਨ, ਬਾਈਧਾਰ ਦੇ ਪਹਾੜੀ ਰਾਜੇ ਅਤੇ ਮੁਗਲ ਸਰਕਾਰ ਹਮੇਸ਼ਾਂ ਨਾਨਕ ਰਾਜ ਨੂੰ ਖਤਮ ਕਰਨ ਲਈ ਅੱਡੀ ਚੋਟੀ ਦਾ ਤਾਣ ਲਗਾਉਂਦੇ ਰਹੇ ਪ੍ਰਤੂੰ ਆਪਣੇ ਮਨਸੂਬਿਆਂ ਵਿਚ ਕਾਮਯਾਬ ਨਹੀਂ ਹੋ ਸਕੇ ਅਤੇ ਅੱਕ ਥੱਕ ਕੇ ਚੁਪ ਕਰ ਜਾਂਦੇ ਰਹੇ।

ਇਤਿਹਾਸ ਗਵਾਹ ਹੈ ਕਿ ਨੌਵੇਂ ਪਾਤਸ਼ਾਹ ਜੀ ਤੇ ਗੁਰਗੱਦੀ ਦੀ ਪ੍ਰਾਪਤੀ ਤੋਂ ਬਾਅਦ ਧੀਰਮਲ ਦੀ ਚੁੱਕ ਵਿਚ ਆਕੇ ਸ਼ੀਹੇ ਮਸੰਦ ਨੇ ਗੁਰੂਜੀ ਤੇ ਬੰਦੂਕ ਚਲਾ ਦਿੱਤੀ ਸੀ ਜੋ ਗੋਲੀ ਉਹਨਾਂ ਦੇ ਮੋਢੇ ਨੂੰ ਛੂਹ ਕੇ ਲੰਘ ਗਈ ਸੀ, ਸਤਿਗੁਰੂ ਜੀ ਵਾਲ ਵਾਲ ਬਚ ਗਏ ਸਨ। ਉਹੀ ਇਤਿਹਾਸ ਦਾ ਦੁਹਰਾ ਸਤਿਗੁਰੂ ਉਦੈ ਸਿੰਘ ਜੀ ਨਾਲ ਇੰਗਲੈਂਡ ਵਿਚ ਹੋਇਆ ਜਦੋਂ ਇਕ ਮੂਰਖ ਇਨਸਾਨ ਨੇ ਸਤਿਗੁਰੂ ਜੀ ਤੇ ਕੁਹਾੜੀ (ਸਫਾ ਜੰਗ) ਨਾਲ ਹਮਲਾ ਕਰ ਦਿੱਤਾ ਸੀ ਤਾਂ ਸਤਿਗੁਰੂ ਜੀ ਵੀ, ਗੁਰੂ ਤੇਗ ਬਹਾਦਰ ਜੀ ਵਾਂਗ ਬਚ ਗਏ ਸਨ।

(ਬਾਕੀ ਸਫਾ 2 'ਤੇ)

# ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ....(ਬਾਕੀ ਸਫਾ 1 ਦੀ)

(ਬਾਕੀ ਸਫਾ 1 ਦੀ)



ਇਹ ਸੁਣ ਕੇ ਰਾਮਰਾਇ ਵਲੋਂ ਵੀ ਬਾਦਸ਼ਾਹ ਕੋਲ ਇਹ ਮੰਗ ਸੀ ਕਿ ਸ੍ਰੀ ਹਰਿਕਿਸ਼ਨ ਜੀ ਦਿੱਲੀ ਬੁਲਾਏ ਜਾਣ। ਇਸ ਲਈ ਔਰੰਗਜ਼ੇਬ ਨੇ ਜੈ ਸਿੰਘ,ਜੋ ਗੁਰੂ ਜੀ ਦਾ ਸਿੱਖ ਸੀ। ਉਸ ਨੂੰ ਇਕ ਚਿੱਠੀ ਦਿੱਤੀ। ਜਿਸ ਵਿਚ ਲਿਖਿਆ ਸੀ ਮੇਰਾ ਆਪ ਜੀ ਦੇ ਦਰਸ਼ਨ ਕਰਨ ਨੂੰ ਬਹੁਤ ਦਿਲ ਕਰਦਾ ਹੈ ਕਿਰਪਾ ਕਰਕੇ ਏਥੇ ਆ ਕੇ ਦਰਸ਼ਨ ਦਿਉ। ਜੈ ਸਿੰਘ ਨੇ ਆਪਣੇ ਦਿਵਾਨ ਪਰਸਰਾਮ ਕੋਲ ਕੁਝ ਚਰਨ ਭੇਟ ਤੇ ਚਿੱਠੀ ਭੇਜੀ ਅਤੇ ਹੁਕਮ ਕੀਤਾ, ਸਤਿਗੁਰਾਂ ਨੂੰ ਦਿੱਲੀ ਨਾਲ ਹੀ ਲੈ ਆਉਣਾ। ਜਦ ਇਹ ਚਿੱਠੀ ਮੁਨਸ਼ੀ ਸੰਗਤ ਰਾਏ ਨੇ ਪੜ੍ਹਕੇ ਸਤਿਗੁਰਾਂ ਨੂੰ ਸੁਣਾਈ ਤਾਂ ਸਤਿਗੁਰ ਜੀ ਉਸੇ ਵਕਤ ਤਿਆਰ ਹੋ ਕੇ ਸਿੱਖਾਂ ਨੂੰ ਸੇਵਾ ਸੌਂਪ ਕੇ ਦਿੱਲੀ ਵੱਲ ਚਾਲੇ ਪਾ ਲਏ। ਦਿੱਲੀ ਸਤਿਗੁਰਾਂ ਦਾ ਜਾਣਾ ਸੁਣ ਕੇ ਸੰਗਤ ਨਾਲ ਹੀ ਤੁਰ ਪਈ ਪਰ ਸਤਿਗੁਰਾਂ ਨੇ ਥੋੜ੍ਹੀ ਹੀ ਦੂਰ ਜਾ ਕੇ ਇਕ ਰੇਤ ਦਾ ਢੇਰ ਲਾ ਕੇ ਝੰਡਾ ਗੱਡ ਦਿੱਤਾ ਅਤੇ ਬਚਨ ਕੀਤਾ ਜਿਹੜਾ ਸਾਡਾ ਸਿੱਖ ਹੈ ਉਹ ਇਸ ਤੋਂ ਅੱਗੇ ਨਾ ਆਵੇ। ਜੋ ਇਹ ਬਚਨ ਨਾ ਮੰਨੇਗਾ ਉਹ ਮੇਰਾ ਸਿੱਖ ਨਹੀਂ। ਸਤਿਗੁਰੂ ਜੀ ਸੰਗਤਾਂ ਨੂੰ ਤਾਰਦੇ ਹੋਏ ਇਕ ਐਸੀ ਥਾਂ ਆਏ ਜਿਥੇ ਇਕ ਪੰਡਤ ਸੀ, ਉਸ ਦਾ ਨਾਮ ਲਾਲ ਜੀ ਸੀ। ਉਹ ਸਿੱਖਾਂ ਨੂੰ ਆਖਣ ਲੱਗਾ ਤੁਸੀਂ ਇਸ ਨੂੰ ਬਹੁਤ ਵੱਡਾ ਅਵਤਾਰ ਆਖਦੇ ਹੋ, ਮੈਂ ਤਾਂ ਜਾਣਾ ਜੇਕਰ ਦੁਆਪਰ ਵਿਚ ਲਿਖੀ ਗੀਤਾ ਦੇ ਅਰਥ ਕਰਕੇ ਦੱਸਣ। ਸਤਿਗੁਰਾਂ ਨੇ ਸਿੱਖਾਂ ਨੂੰ ਹੁਕਮ ਕੀਤਾ, ਉਸ ਪੰਡਤ ਨੂੰ ਬੁਲਾਉ। ਜਦ ਉਹ ਪੰਡਤ ਆਇਆ ਤਾਂ ਸਤਿਗੁਰਾਂ ਪੰਡਤ ਨੂੰ ਆਖਿਆ, ਗੀਤਾ ਦੇ ਅਰਥ ਤਾ ਕੋਈ ਵੀ ਕਰ ਸਕਦਾ ਹੈ। ਤੂੰ ਜਿਹਨੂੰ ਮਰਜੀ ਲੈ ਆ ਉਹ ਹੀ ਕਰ ਦੇਵੇਗਾ। ਇਹ ਸੁਣ ਕੇ ਪੰਡਤ ਪਿੰਡ ਦੇ ਸਭ ਤੋਂ ਮੂਰਖ ਅਨਪੜ੍ਹ ਝੀਵਰ ਛੱਜੂ ਨਾਮ ਦਾ ਜੋ ਗੂੰਗਾ ਸੀ, ਉਸ ਨੂੰ ਲੈ ਆਇਆ ਤੇ ਆਖਣ ਲੱਗਾ ਇਹ ਕਰ ਸਕਦਾ ਹੈ? ਸਤਿਗੁਰਾਂ ਉਸ ਦੇ ਸਿਰ ਤੇ ਆਪਣੀ ਸੋਟੀ ਰੱਖੀ ਤਾਂ ਉਹ ਗੂੰਗਾ ਸੰਸਕ੍ਰਿਤੀ ਸਲੋਕ ਪੜ੍ਹਕੇ ਉਸਦੇ ਅਰਥ ਕਰਨ ਲੱਗ ਪਿਆ। ਇਹ ਕੌਤਕ ਵੇਖ ਕੇ ਪੰਡਤ ਚਰਨੀਂ ਢਹਿ ਪਿਆ ਤੇ ਸਾਰੀ ਸੰਗਤ ਵਿਚ ਸਤਿਗੁਰਾਂ ਦੀ ਜੈ ਜੈ ਕਾਰ ਹੋਣ ਲੱਗੀ।

### ਰਾਜੇ ਜੈ ਸਿੰਘ ਦੀ ਰਾਣੀ ਦੀ ਭਾਵਨਾ-

ਰਾਜੇ ਜੈ ਸਿੰਘ ਦੀ ਰਾਣੀ ਨੇ ਦਿਲ ਵਿਚ ਸੋਚਿਆ ਕਿ ਜੇਕਰ ਉਹ ਜਾਣੀ ਜਾਣ ਹਨ ਤਾਂ ਮੇਰੀ ਗੋਦੀ ਵਿਚ ਆ ਬੈਠਣ। ਜਦ ਸਤਿਗੁਰੂ ਜੀ ਦਿੱਲੀ ਪਹੁੰਚੇ ਤਾ ਰਾਜੇ ਜੈ ਸਿੰਘ ਨੇ ਉਨ੍ਹਾਂ ਨੂੰ ਆਪਣੇ ਮਹਿਲਾਂ ਵਿਚ ਲਿਆਂਦਾ। ਉਸ ਦਿਨ ਰਾਣੀ ਨੇ ਆਪਣੇ ਕੱਪੜੇ ਆਪਣੀ ਗੋਲੀ ਨੂੰ ਪੁਆ ਦਿੱਤੇ ਤੇ ਆਪ ਉਸ ਦੇ ਕੱਪੜੇ ਪਾ ਲਏ ਤੇ ਗੋਲੀ ਬਣਕੇ ਬੈਠ ਗਈ। ਜਾਣੀ ਜਾਣ ਸਤਿਗੁਰੂ ਦਿਲਾਂ ਦੀਆਂ ਜਾਣਦਾ ਹੈ। ਸਤਿਗੁਰੂ ਜੀ ਸਿੱਧੇ ਜਿੱਥੇ ਰਾਣੀ ਗੋਲੀ ਬਣਕੇ ਬੈਠੀ ਸੀ, ਉਥੇ ਉਸ ਦੀ ਗੋਦੀ ਵਿਚ ਜਾ ਬੈਠੇ। ਰਾਣੀ ਦੇ ਪਹਿਲਾਂ ਕੋਈ ਉਲਾਦ ਨਹੀਂ ਸੀ, ਉਸ ਤੋਂ ਬਾਅਦ ਉਸ ਦੇ ਘਰ ਪੁੱਤਰ ਹੋਇਆ। ਇਹੋ ਜਿਹੇ ਕੌਤਕ ਸਤਿਗੁਰ ਰੋਜ਼ ਕਰਦੇ ਸਨ।

ਜਦ ਬਾਦਸ਼ਾਹ ਨੂੰ ਪਤਾ ਲੱਗਾ ਸ੍ਰੀ ਹਰਿਕ੍ਰਿਸ਼ਨ ਜੈ ਸਿੰਘ ਦੇ ਘਰ ਆ ਗਏ ਹਨ। ਜਿਥੇ ਹੁਣ ਬੰਗਲਾ ਸਾਹਿਬ ਹੈ, ਉਸ ਨੇ ਆਪਣੇ ਵਲੋਂ ਹੁਕਮ ਦਿਤਾ ਹਰ ਰੋਜ਼ ਲੰਗਰ ਚਲਾਉ। ਆਪਣੇ ਇਕ ਸ਼ਹਿਜ਼ਾਦੇ ਨੂੰ ਸਤਿਗੁਰਾਂ ਕੋਲ ਭੇਜਿਆ ਜੋ ਸੰਸਾਰੀ ਆਯੂ ਅਨੁਸਾਰ ਸਤਿਗੁਰਾਂ ਦਾ ਹਾਣੀ ਸੀ। ਸ੍ਰੀ ਹਰਿਕ੍ਰਿਸ਼ਨ ਜੀ ਉਸ ਨੂੰ ਬਾਗ ਵਿਚ ਲੈ ਗਏ ਸੈਰ ਕਰਨ ਲਈ। ਉਥੇ ਉਸ ਨੂੰ ਬਹੁਤ ਹੀ ਅੱਛੇ ਅੱਛੇ ਫਲ ਖੁਆਏ। ਦੂਸਰੇ ਦਿਨ ਸ਼ਹਿਜਾਦਾ ਆਖਣ ਲੱਗਾ, ਮੈਨੂੰ ਉਹ ਹੀ ਫਲ ਚਾਹੀਦੇ ਹਨ ਜਿਹੜੇ ਕੱਲ੍ਹ ਖਾਧੇ ਸਨ। ਉਹ ਉਸੇ ਬਾਗ ਵਿਚ ਗਿਆ ਪਰ ਉੱਥੇ ਉਸ ਨੂੰ ਕੁਝ ਨਾ ਮਿਲਿਆ। ਇਸ ਅਸਚਰਜ ਲੀਲਾ ਬਾਰੇ ਬਾਦਸ਼ਾਹ ਨੂੰ ਵੀ ਪਤਾ ਲੱਗਿਆ ਉਹ ਬਹੁਤ ਹੈਰਾਨ ਹੋ ਗਿਆ।

ਇਕ ਦਿਨ ਬਾਦਸ਼ਾਹ ਨੇ ਸਤਿਗੁਰਾਂ ਨੂੰ ਬੁਲਾ ਭੇਜਿਆ। ਸਤਿਗੁਰਾਂ ਨੇ ਉਸ ਨੂੰ ਉੱਤਰ ਦਿੰਦਿਆਂ ਬਚਨ ਕੀਤਾ, ਅਸੀਂ ਤੇਰੇ ਕਹਿਣ ਤੇ ਦਿੱਲੀ ਆ ਗਏ ਹਾਂ, ਹੁਣ ਤੈਨੂੰ ਗੁਰੂ ਨਾਨਕ ਦੀ ਗੱਦੀ ਦਾ ਆਦਰ ਰੱਖਣਾ ਚਾਹੀਦਾ ਹੈ। ਸਾਨੂੰ ਹੁਕਮ ਨਹੀ ਜੋ ਤੇਰੇ ਸਾਹਮਣੇ ਹੋਈਏ ਸਾਨੂੰ ਤੂੰ ਮਜਬੂਰ ਨਾ ਕਰ। ਇਹ ਸੁਣ ਕੇ ਬਾਦਸ਼ਾਹ ਹੈਰਾਨ ਹੋ ਗਿਆ ਅਤੇ ਉਸ ਦੀ ਬੇਗਮ ਨੇ ਕਿਹਾ ਫਕੀਰਾਂ ਨਾਲ ਜ਼ਿਦ ਨਹੀਂ ਕਰਨੀ ਚਾਹੀਦੀ, ਉਹਨਾਂ ਦੀ ਖੁਸ਼ੀ ਹੀ ਲੈਣੀ ਚਾਹੀਦੀ ਹੈ।

ਜਦ ਸ੍ਰੀ ਹਰਿਕ੍ਰਿਸ਼ਨ ਜੀ ਦਿੱਲੀ ਗਏ, ਉਨ੍ਹੀਂ ਦਿਨੀਂ ਦਿੱਲੀ ਵਿਚ ਹੈਜੇ ਦੀ ਬਿਮਾਰੀ ਫੈਲੀ ਹੋਈ ਸੀ। ਸਤਿਗੁਰਾਂ ਦੇ ਸਿੱਖ ਸਤਿਗੁਰਾਂ ਦੇ ਚਰਨ ਧੋ ਕੇ ਚਰਨਾਂਮ੍ਰਿਤ ਜਿਸ ਨੂੰ ਦੇਣ ਉਹ ਠੀਕ ਹੋ ਜਾਵੇ। ਇਹ ਵੇਖ ਕੇ ਸਾਰਾ ਸ਼ਹਿਰ ਹੀ ਇਧਰ ਨੂੰ ਤੁਰ ਪਿਆ। ਭਾਈ ਗੁਰਬਖਸ਼ ਜੀ ਨੇ ਚਰਨਾਂਮ੍ਰਿਤ ਇਕ ਖੂਹ ਵਿਚ ਹੀ ਪਾ ਦਿੱਤਾ। ਸਾਰੇ ਉਥੋਂ ਚਰਨਾਂਮ੍ਰਿਤ ਲੈ ਕੇ ਠੀਕ ਹੋਈ ਜਾਣ ਤਾਂ ਬਾਦਸ਼ਾਹ ਦੀ ਕਚਹਿਰੀ ਵਿਚ ਵੀ ਸਤਿਗੁਰਾਂ ਦੀਆਂ ਹੀ ਸਿਫਤਾਂ ਹੋਣ ਲੱਗੀਆਂ।


### ਸ੍ਰੀ ਸਤਿਗੁਰਾਂ ਦਾ ਜੋਤੀ ਜੋਤ ਸਮਾਉਣਾ-

ਸਤਿਗੁਰੂ ਜੀ ਨੂੰ ਬੁਖਾਰ ਚੜ੍ਹ ਗਿਆ। ਸਤਿਗੁਰਾਂ ਨੇ ਜਿਥੇ ਰਾਜੇ ਜੈ ਸਿੰਘ ਦੀ ਫੌਜ ਰਹਿੰਦੀ ਸੀ, ਉਥੇ ਤੰਬੂ ਕਨਾਤਾਂ ਲਗਵਾ ਕੇ ਆਪਣਾ ਡੇਰਾ ਕਰ ਲਿਆ। ਉਸ ਵਕਤ ਮਾਤਾ ਕ੍ਰਿਸ਼ਨ ਕੌਰ ਵੀ ਨਾਲ ਹੀ ਸਨ। ਕੁਝ ਦਿਨਾਂ ਬਾਅਦ ਸਤਿਗੁਰਾਂ ਨੂੰ ਸੀਤਲਾ ਨਿਕਲ ਆਈ। ਰਾਜੇ ਜੈ ਸਿੰਘ ਨੇ ਅਰਜ਼ ਕੀਤੀ, ਸੱਚੇ ਪਾਤਸ਼ਾਹ ਆਪ ਜੀ ਬਾਹਰ ਕਿਉ ਚਲੇ ਗਏ। ਜਿਸ ਚੀਜ਼ ਦੀ ਲੋੜ ਹੈ ਹੁਕਮ ਕਰੋ ਭੇਜ ਦਿਆਂ। ਸਤਿਗੁਰਾਂ ਬਚਨ ਕੀਤਾ ਅਸੀਂ ਜਿਥੇ ਸਰੀਰ ਛੱਡਣਾ ਹੈ ਉਥੇ ਆਏ ਹਾਂ। ਰਾਜਾ ਜੈ ਸਿੰਘ ਇਹ ਸੁਣ ਕੇ ਹੈਰਾਨ ਹੋ ਗਿਆ ਅਤੇ ਵੈਰਾਗੀ ਹੋ ਗਿਆ। ਸਿੱਖਾਂ ਨੇ ਅਰਜ ਕੀਤੀ ਸਾਨੂੰ ਕਿਸ ਦੇ ਲੜ ਲਾ ਚੱਲੇ ਹੋ। ਸਤਿਗੁਰਾਂ ਨੇ ਪਰਖ ਲਈ ਆਦਿ ਗ੍ਰੰਥ ਸਾਹਿਬ ਨੂੰ ਗੁਰਗੱਦੀ ਬਖਸ਼ਣ ਲਈ ਆਖਿਆ ਪਰ ਉਹ ਸਿੱਖਾਂ ਨੇ ਯੋਗ ਨਾ ਸਮਝਿਆ ਅਤੇ ਅਰਜ ਕੀਤੀ ਉਹ ਤਾਂ ਸਾਰੇ ਸੋਢੀ ਲਿਖਕੇ ਘਰ ਘਰ ਰੱਖ ਲੈਣਗੇ, ਅਸੀਂ ਕਿਸ ਕਿਸ ਨੂੰ ਮੱਥਾ ਟੇਕਾਂਗੇ? ਜਿਸ ਤਰ੍ਹਾਂ "ਗੁਰ ਪ੍ਰਤਾਪ ਸੂਰਜ" ਵਿਚ ਹੈ- ਬਿਨ ਗੁਰ ਸੰਗਤ ਹਿਵੈ ਥਿਰ ਕੋਇ ਨ। ਜਥਾ ਨ੍ਰਿਪਤ ਬਿਨ ਸੈਨਾ ਹੋਇ ਨ। ਜੋ ਗੁਰ ਗਰੰਥ ਆਪ ਨੇ ਭਨਯੋ। ਸੋ ਸਗਲੇ ਸਿਖਨ ਹੀ ਸੁਨਯੋ। ਲਿਖ ਲੈ ਹੈ ਅਬ ਸੋਢੀ ਸਾਰੇ। ਬੈਠਹਿ ਮਾਨੀ ਗੁਰ ਹੋਇ ਭਾਰੇ। ਭਾਈ ਗੁਰਦਿਤਾ ਜੀ ਜੋ ਬਾਬਾ ਬੁੱਢਾ ਜੀ ਦੇ ਪੜੋਤੇ ਉਨ੍ਹਾਂ ਨੇ ਸਾਰੀ ਸੰਗਤ ਵਲੋਂ ਫਿਰ ਬੇਨਤੀ ਕੀਤੀ ਸੱਚੇ ਪਾਤਸ਼ਾਹ ਸਾਨੂੰ ਕਿਹਦੇ ਲੜ ਲਾ ਚਲੇ ਹੋ, ਤਾਂ ਫਿਰ ਸ੍ਰੀ ਹਰਿਕ੍ਰਿਸ਼ਨ ਜੀ ਨੇ ਬਚਨ ਕੀਤਾ "ਬਾਬਾ ਬਸਹਿ ਜਿ ਗਰਾਮ ਬਕਾਲੇ"। ਇਸ ਤਰ੍ਹਾਂ ਪੰਜ ਪੈਸੇ ਤੇ ਇਕ ਨਾਰੀਅਲ ਰੱਖ ਕੇ ਮੱਥਾ ਟੇਕ ਦਿੱਤਾ। ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਗੁਰਗੱਦੀ ਸੌਂਪ ਸੰਮਤ ੧੭੨੧ ਬਿਕ੍ਰਮੀ, ੩● ਮਾਰਚ ੧੬੬੪ ਈਸਵੀ ਵਿਚ ਦਿੱਲੀ ਵਿਖੇ ਆਪ ਦੇਹ ਦਾ ਉਹਲਾ ਕਰ ਗਏ। ਇਹਨਾਂ ਬਾਰੇ ਭਾਈ ਗੁਰਦਾਸ ਜੀ ਦੂਜਾ ਲਿਖਦੇ ਹਨ-

*ਹਰਿਕ੍ਰਿਸ਼ਨ ਭਯੌ ਅਸਟਮ ਬਲਬੀਰਾ। ਜਿਨ ਪਹੁਚ ਦਿਲੀ ਤਜੀਉ ਸ੍ਰੀਰਾ।*
*ਬਾਲ ਰੂਪ ਧਰ ਸੁਵਾਂਗ ਰਚਾਯੌ। ਤਬ ਸਹਿਜੇ ਤਨ ਛਤਿ ਸਿਧਾਯੌ।* ■

# ਤਖਤਿ ਬਹੈ ਤਖਤੈ ਕੀ ਲਾਇਕ....(ਬਾਕੀ ਸਫਾ 1 ਦੀ)

(ਬਾਕੀ ਸਫਾ 1 ਦੀ)



ਇਹ ਜਾਪਦਾ ਹੈ ਕਿ ਹਰ ਨਵੀਂ ਜੋਤ, ਨਵੇਂ ਗੁਰੂ ਸਾਹਿਬਾਨ ਸਮੇਂ ਗੁਰੂ ਘਰ ਦੇ ਦੁਸ਼ਮਣ ਪ੍ਰਿਥੀਚੰਦ, ਧੀਰਮਲ, ਸੀਆ ਮਸੰਦ ਆਦਿਕ ਵਾਰ ਵਾਰ ਜਨਮ ਲੈਂਦੇ ਹਨ। ਅਤੇ ਸਤਿਗੁਰੂ ਜੀ ਨਾਨਕ ਰਾਜ ਦੇ ਤਖਤ ਤੇ ਬਿਰਾਜ ਸੰਗਤ ਹਿਤ ਨਵੇਂ ਨਵੇਂ ਕੌਤਕ ਕਰਦੇ ਹੋਏ ਗੁਰਮਤਿ ਮਾਰਗ ਤੇ ਰਾਹ ਦਸੇਰਾ ਬਣ ਜਾਂਦੇ ਹਨ। ਸਤਿਗੁਰੂ ਜਗਜੀਤ ਸਿੰਘ ਜੀ ਜੀਵਨ ਦੇ ਅੰਤਮ ਸਾਲਾਂ ਵਿਚ ਕਈ ਕੌਤਕ ਸੰਗਤ ਨੂੰ ਦਿਖਾਉਂਦੇ ਰਹੇ ਸਨ। ਕਦੇ ਸਰੀਰ ਢਿਲਾ ਕਰ ਲੈਂਦੇ ਅਤੇ ਕਦੇ ਸਰੀਰ ਅਰੋਗ ਕਰ ਲੈਂਦੇ ਸਨ ਪ੍ਰਤੂ ਨਿਕਟਵਰਤੀ ਸਿੱਖ ਸੇਵਕ ਉਹਨਾਂ ਦੀ ਇਹ ਲੀਲ੍ਹਾ ਤੋਂ ਅਨਜਾਣ ਸਨ। ਪ੍ਰਤੂੰ ਉਸ ਸਮੇਂ ਨਵੀਂ ਜੋਤ (ਸਤਿਗੁਰੂ) ਉਦੈ ਸਿੰਘ ਜੀ ਪੌੜੀ ਦਰ ਪੌੜੀ ਸਤਿਗੁਰੂ ਜੀ ਵਲੋਂ ਪਾਏ ਪਰਚੇ ਵਿਚ ਸਫਲ ਹੋਈ ਜਾ ਰਹੇ ਸਨ। ਉਸ ਸਮੇਂ ਸਿਰਫ ਸਤਿਗੁਰੂ ਜਗਜੀਤ ਸਿੰਘ ਜੀ ਹੀ ਜਾਣਦੇ ਸਨ ਕਿ ਭਵਿਖ ਵਿਚ ਸਿਰਫ ਠਾਕੁਰ ਉਦੈ ਸਿੰਘ ਜੀ ਹੀ ਨਾਮਧਾਰੀ ਪੰਥ ਦੇ ਰਹਿਨੁਮਾ ਬਣਨਗੇ ਅਤੇ ਸਾਰੇ ਪੰਥ ਨੂੰ ਇਕ ਮੁਠ ਕਰ ਲੈਣਗੇ।

ਸਮੇਂ ਦੇ ਸਤਿਗੁਰੂ, ਸਤਿਗੁਰੂ ਉਦੈ ਸਿੰਘ ਜੀ, ਸਤਿਗੁਰੂ ਪ੍ਰਤਾਪ ਸਿੰਘ ਜੀ ਅਟਲ ਪ੍ਰਤਾਪੀ ਜੀ ਦੇ ਛੋਟੇ ਪੋਤਰੇ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਛੋਟੇ ਭਤੀਜੇ ਹਨ। ਉਹਨਾਂ ਦਾ ਜਨਮ ਮਹਾਰਾਜ ਬੀਰ ਸਿੰਘ ਦੇ ਗ੍ਰਹਿ ਵਿਖੇ ਬੇਬੇ ਦਲੀਪ ਕੌਰ ਦੀ ਕੁੱਖ ਤੋਂ ੨੨ ਜੁਲਾਈ ੧੯੫੮ ਈਸਵੀ ੫ ਸਾਵਣ ੨੦੧੫ ਬਿਕਰਮੀ ਦਿਨ ਐਤਵਾਰਵਦੀ ਚੌਥ ਨੂੰ ਪੰਜਾਬ ਦੇ ਇਤਿਹਾਸਕ ਨਗਰ ਸ੍ਰੀ ਭੈਣੀ ਸਾਹਿਬ ਵਿਖੇ ਹੋਇਆ। ਸਮੁੱਚੇ ਸਿੱਖ ਜਗਤ ਵਿਚ ਖੁਸ਼ੀਆਂ ਮਨਾਈਆਂ ਗਈਆਂ। ਸਤਿਗੁਰੂ ਪ੍ਰਤਾਪ ਸਿੰਘ ਜੀ ਵਲੋਂ ਉਹਨਾਂ ਨੂੰ ਅਮਿਟਵਾਂ ਪਿਆਰ ਤੇ ਦੁਲਾਰ ਮਿਲਿਆ ਸੀ ਅਤੇ ਲਗਭਗ ਇਕ ਸਾਲ ਤਕ ਸਤਿਗੁਰੂ ਉਦੈ ਸਿੰਘ ਜੀ ਨੇ ਉਹਨਾਂ ਦਾ ਪਿਆਰ ਪਾਇਆ ਸੀ ਕਿਉਂਕਿ ਸਤਿਗੁਰੂ ਪ੍ਰਤਾਪ ਸਿੰਘ ਜੀ ੨੨ ਅਗਸਤ ੧੯੫੯ ਈ. ਨੂੰ ਜੋਤੀ ਜੋਤ ਸਮਾ ਗਏ ਸਨ।

ਬਚਪਨ ਤੋਂ ਹੀ ਸ੍ਰੀ ਸਤਿਗੁਰੂ ਜੀ, ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਤਤਪਰ ਰਿਹਾ ਕਰਦੇ ਸਨ। ਉਹ ਕਦੇ ਵੀ ਸਤਿਗੁਰੂ ਜੀ ਦਾ ਬਚਨ ਨਹੀਂ ਮੋੜਿਆ ਕਰਦੇ ਸਨ। ਬਚਪਨ ਵਿਚ ਹੀ ਅੰਮ੍ਰਿਤ ਵੇਲੇ ਜਾਗਣ ਅਤੇ ਸਨਕੇਸੀ ਇਸ਼ਨਾਨ ਕਰਕੇ ਆਸਾ ਦੀ ਵਾਰ ਦਾ ਕੀਰਤਨ ਦਿਵਾਨ ਵਿਚ ਜਾਕੇ ਸਰਵਣ ਕਰਨ ਦੀ ਆਦਤ ਪੈ ਗਈ ਸੀ। ਬਚਪਨ ਵਿਚ ਜਦੋਂ ਆਪ ਜੀ ਦੀ ਉਮਰ ਅਜੇ ਪੰਜ ਸਾਲ ਦੀ ਸੀ ਆਪ ਜੀ ਨੂੰ ਵੱਡੀ ਮਾਤਾ (ਚੇਚਕ) ਨਿਕਲ ਆਈ। ਦੁੱਖ ਬਹੁਤ ਢਾਡਾ ਸੀ, ਪੀੜ ਸਹਾਰੀ ਨਹੀ ਸੀ ਜਾਂਦੀ ਪ੍ਰਤੂੰ ਆਪ ਜੀ ਨੇ ਬਹੁਤ ਜਿਗਰ ਕਰਕੇ ਪੀੜ ਤੇ ਦੁੱਖ ਨੂੰ ਸਹਾਰਿਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕਿਰਪਾ ਕੀਤੀ (ਸਤਿਗੁਰੂ ) ਉਦੈ ਸਿੰਘ ਜੀ ਨਿਰੋਗ ਹੋ ਗਏ, ਚੇਚਕ ਨੇ ਹਾਰ ਮੰਨ ਲਈ। ਸਮੁੱਚੀ ਸਾਧ ਸੰਗਤ ਪ੍ਰਸੰਨ ਹੋ ਗਈ, ਸਭ ਨੇ ਖੁਸ਼ੀਆਂ ਮਨਾਈਆਂ।

ਸੂਝ ਅਵਸਥਾ ਵਿਚ ਅਜੇ ਆਪ ਜੀ ੨੦ ਸਾਲ ਦੇ ਨਹੀਂ ਸਨ ਹੋਏ ਕਿ ਆਪ ਜੀ ਨੂੰ ਗੁਰਮਤਿ ਸੰਗੀਤ ਦੀ ਸਿਖਿਆ ਪ੍ਰਾਪਤ ਕਰਨ ਲਈ ਉਸਤਾਦ ਹਰਭਜਨ ਸਿੰਘ ਕੋਲ ਬਿਠਾਇਆ ਗਿਆ ਅਤੇ ਦਿਲਰੁਬਾ ਨਾਲ ਕੀਰਤਨ ਕਰਨ ਦੀ ਮੁਹਾਰਤ ਹਾਸਲ ਕੀਤੀ ਗਈ। ਸਤਿਗੁਰੂ ਉਦੈ ਸਿੰਘ ਜੀ ਦੀ ਅਗਵਾਈ ਹੇਠ ਨੌਜਵਾਨ ਬੱਚਿਆਂ ਦੀ ਇਕ ਟੀਮ ਤਿਆਰ ਕੀਤੀ ਗਈ ਜੋ ਕੀਰਤਨ ਕਰਨ ਵਿਚ ਪ੍ਰਬੀਨ ਹੋ ਗਏ ਸਨ। ਪ੍ਰੀਤਮ ਸਿੰਘ ਕਵੀ ਜੀ ਦੀ ਪੁਸਤਕ 'ਬੀਤੇ ਦੀਆਂ ਪੈੜਾਂ', ਭਾਗ ਪਹਿਲਾ ਸਫਾ ੯੦ਤੇ ਲਿਖਦੇ ਹਨ

'ਸੰਗੀਤ ਸਿਖਾਉਂਦੇ ਹੋਏ ਛੋਟੇ ਬੱਚਿਆਂ ਤੋਂ ਉਸਤਾਦ ਹਰਭਜਨ ਸਿੰਘ ਦੀ ਅਗਵਾਈ ਹੇਠ (ਸਤਿਗੁਰੂ ਜਗਜੀਤ ਸਿੰਘ ਜੀ ਨੇ) ਗੁਰਬਾਣੀ ਦੇ ਸ਼ਬਦ ਸੁਣੇ। ਠਾਕੁਰ ਉਦੈ ਸਿੰਘ ਜੀ ਨੇ ਪਹਿਲੀ ਵਾਰ ਮੇਰੇ ਸੁਣਨ ਵਿਚ ਆਈ ਵੰਦਨਾ ਕੀਤੀ, ਉਹਨਾਂ ਸਤਿਗੁਰੂ ਜੀ ਦੀ ਆਗਿਆ ਦਾ ਪਾਲਣ ਕੀਤਾ। ਸਤਿਗੁਰੂ ਜੀ ਦੀ ਇਛਾ ਹੈ ਇਹਨਾਂ ਦਾ ਸੁਰ ਗਿਆਨ ਦਿਲਰੁਬਾ ਵਾਦਨ ਤੇ ਗਾਇਨ ਤੋਂ ਵਧ ਸੁਰੀਲਾ ਹੋਵੇ।'

ਜੋ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਆਪਣੀ ਰਹਿਤ ਮਰਯਾਦਾ ਅਤੇ ਸਿੱਧੀ ਪੱਗ ਅਤੇ ਚਿਟੇ ਬਸਤਰਾਂ ਵਿਚ ਖੇਡਣ ਵਾਲੇ ਖਿਡਾਰੀਆਂ ਦੀ ਹਾਕੀ ਦੀ ਟੀਮ ਤਿਆਰ ਕਰੋ ਤਾਂ (ਸਤਿਗੁਰੂ ਉਦੈ ਸਿੰਘ) ਜੀ ਉਹ ਟੀਮ ਤਿਆਰ ਕਰਨ ਵਿਚ ਕਾਮਯਾਬ ਹੋ ਗਏ। ਅੱਜ ਨਾਮਧਾਰੀ ਹਾਕੀ ਇਲੈਵਨ ਟੀਮ ਹਿੰਦੋਸਤਾਨ ਦੀਆਂ ਹਾਕੀ ਦੀਆਂ ਟੀਮਾਂ ਵਿਚੋਂ ਪਹਿਲੇ ਨੰਬਰ ਤੇ ਹੈ। ਅੱਜ ਹਿੰਦੋਸਤਾਨ ਦੀ ਹਾਕੀ ਦੀ ਟੀਮ ਦਾ ਕਪਤਾਨ ਨਾਮਧਾਰੀ ਸਿੰਘ ਹੀ ਹੈ।

ਜੋ ਸਤਿਗੁਰੂ ਜੀ ਨੇ ਰਾਜਸਥਾਨ ਦੇ ਇਲਾਕੇ ਦੇ ਵਿਚ ਨਾਮਧਾਰੀ ਫਾਰਮ ਤਿਆਰ ਕਰਨ ਦੀ ਜ਼ਿੰਮੇਵਾਰੀ ਸੌਂਪੀ ਤਾਂ ਆਪ ਜੀ ਨੇ ਤਨਦੇਹੀ ਨਾਲ ਸਤਿਗੁਰੂ ਜੀ ਦਾ ਬਚਨ ਮੰਨਿਆ ਅਤੇ ਕੁਝ ਸਮੇਂ ਵਿਚ ਹੀ ਜੰਗਲ ਵਿਚ ਮੰਗਲ ਲਗਾ ਦਿੱਤਾ। ਜੇ ਫਿਰ ਸਤਿਗੁਰੂ ਜੀ ਨੇ ਉਹ ਫਾਰਮ ਵੇਚਣ ਦੀ ਗਲ ਕੀਤੀ ਤਾਂ ਵੀ ਗੁਰੂ ਜੀ ਦਾ ਹੁਕਮ ਮੰਨ ਕੇ ਉਹ ਫਾਰਮ ਵੇਚ ਦਿੱਤਾ ਗਿਆ। ਫਿਰ ਨਾਮਧਾਰੀ ਫਾਰਮ ਬਿੜਦੀ (ਬੰਗਲੌਰ) ਨੂੰ ਆਬਾਦ ਕਰਨ ਦੀ ਆਪ ਜੀ ਨੂੰ ਜ਼ੁੰਮੇਵਾਰੀ ਸੌਂਪੀ ਤਾਂ ਆਪ ਜੀ ਨੇ ਕੁਝ ਸਮੇਂ ਵਿਚ ਹੀ ਰੌਣਕਾਂ ਲਗਾ ਦਿੱਤੀਆਂ। ਅੱਜ ਨਾਮਧਾਰੀ ਸੀਡਜ਼ ਸੰਸਥਾ ਇਕ ਇੰਟਰਨੈਸ਼ਨਲ ਸੰਸਥਾ ਬਣ ਚੁੱਕੀ ਹੈ। ਅੱਜ ਉਸ ਦੀਆਂ ਬਰਾਂਚਾਂ ਇੰਡਿਆਂ ਤੋਂ ਬਾਹਰ ਵਿਦੇਸ਼ਾਂ ਵਿਚ ਕੰਮ ਕਰ ਰਹੀਆਂ ਹਨ।

ਜੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਲੁਧਿਆਣੇ ਵਿਖੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿਚ ਅਪੋਲੋ ਹਸਪਤਾਲ ਉਸਾਰਨ ਦੀ ਤਜਵੀਜ਼ ਚਿਤਵੀ ਤਾਂ ਉਸ ਚਿਤਵਨਾ ਨੂੰ ਵਰਤਮਾਨ ਸਤਿਗੁਰੂ ਜੀ ਨੇ ਪੂਰਾ ਕੀਤਾ। ਸਤਿਗੁਰੂ ਜਗਜੀਤ ਸਿੰਘ ਜੀ ਨੇ ਉਹਨਾਂ ਦੀ ਹਰ ਪੱਖ ਤੋਂ ਪ੍ਰਿਖਿਆ ਲਈ ਅਤੇ ਉਹਨਾਂ ਨੂੰ ਸਰਵਗੁਣ ਸੰਪੰਨ ਬਣਾ ਕੇ ਦੇਹ ਦਾ ਓਹਲਾ ਕਰਨ ਤੋਂ ਬਾਅਦ ਆਪਣੀ ਜੋਤ (ਸਤਿਗੁਰੂ) ਉਦੈ ਸਿੰਘ ਜੀ ਵਿਚ ਰਖਕੇ ਉਹਨਾਂ ਨੂੰ ਨਾਮਧਾਰੀ ਪੰਥ ਦੇ ਸਤਿਗੁਰੂ ਬਣਾ ਗਏ।

ਸਤਿਗੁਰੂ ਉਦੈ ਸਿੰਘ ਜੀ ਦੀ ਅਗਵਾਈ ਅਤੇ ਮਾਤਾ ਚੰਦ ਕੌਰ ਜੀ ਦੇ ਅਸ਼ੀਰਵਾਦ ਸਦਕਾ ਦੇਸ਼ ਵਿਦੇਸ਼ਾਂ ਵਿਚ ਨਾਮਧਾਰੀ ਪੰਥ ਅਗੇ ਨਾਲੋਂ ਵੀ ਜ਼ਿਆਦਾ ਵਧਿਆ ਫੁਲਿਆ ਹੈ। ਸਾਹਿਤ, ਲਿਟਰੇਚਰ, ਨਾਮਧਾਰੀ ਵਿਦਿਅਕ ਜਥਿਆਂ ਵਿਚ ਅਤੇ ਸਮੁਚੀ ਸੰਗਤ ਵਿਚ ਜਾਗ੍ਰਿਤੀ ਆਈ ਹੈ। ਅਚਾਨਕ ਸ੍ਰੀ ਮਾਤਾ ਚੰਦ ਕੌਰ ਜੀ ਦੀ ਸ਼ਹਾਦਤ ਕਾਰਨ ਪੰਥ ਡੋਲ ਗਿਆ ਸੀ, ਸੰਗਤਾਂ ਬੇਸਹਾਰਾ ਹੋਇਆ ਮਹਿਸੂਸ ਕਰ ਰਹੀਆਂ ਸਨ ਪ੍ਰਤੂੰ ਸਤਿਗੁਰੂ ਉਦੈ ਸਿੰਘ ਜੀ ਦੇ ਹੌਸਲਾ ਦੇਣ ਨਾਲ ਅਤੇ ਸਮੁੱਚੀ ਅਗਵਾਈ ਨਾਲ ਪੰਥ ਇਕ ਵਾਰ ਫਿਰ ਗੁਲਾਬ ਦੇ ਫੁੱਲ ਵਾਂਗ ਟਹਿਕਣ ਲਗ ਪਿਆ ਹੈ। ਮੇਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਹੈ ਕਿ ਨਾਮਧਾਰੀ ਪੰਥ ਤੇ ਇਹ ਬਸੰਤ ਬਹਾਰ ਸਦਾ ਕਾਇਮ ਰਹੇ। ਸਭ ਦੀਆਂ ਆਸਾਂ ਮੁਰਾਦਾਂ ਪੂਰੀਆਂ ਹੋਣ, ਕੋਈ ਦੁਖੀ ਨਾ ਰਹੇ। ਸਭ ਸੰਗਤ ਸਤਿਗੁਰੂ ਜੀ ਦੇ ਗੁਣ ਗਾਉਣ, ਇਹੋ ਮੇਰੀ ਅਰਦਾਸ ਹੈ।■

# ਪ੍ਰਵਚਨ
# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

## ਅੱਠੇ ਪਹਿਰ ਗੁਰੂ ਦਾ ਨਾਮ ਜਪੋ

*ਅਸੀਂ ਬੈਠਦੇ ਆਂ ਸਿਮਰਨ ਕਰਨ ਲਈ ਤੇ ਸਾਡਾ ਮਨ ਜਿਹੜਾ ਬਾਹਰ ਜਾਂਦੈ ਇਹ ਕਿੰਜ ਕਾਬੂ ਕਰੀਏ ਤਾਂ ਇਸ ਬਾਰੇ ਜ਼ਰੂਰ ਸਤਿਗੁਰੂ ਅੱਗੇ ਅਰਦਾਸ ਕਰਾਂਗੇ।*

*ਅਰਦਾਸ ਕਿੰਨੀ ਵਾਰੀ ਕਰਨੀ ਚਾਹੀਦੀ ਏ? ਕੋਈ ਬਿਮਾਰ ਹੋ ਜਾਂਦੈ, ਉਸ ਨੂੰ ਅਰਜ਼ ਕਰੀਦੀ ਏ, ਤੂੰ ਭਜਨ ਕਰ, ਸਿਮਰਨ ਕਰ, ਉਹ ਆਂਹਦੈ ਕਿੰਨੇ ਚਿਰ ਵਾਸਤੇ। ਲੇਕਿਨ ਕਬੀਰ ਜੀ ਲਿਖਦੇ ਨੇ–*

*ਕਬੀਰ ਕੇਸੋ ਕੇਸੋ ਕੂਕੀਐ*
*ਨ ਸੋਈਐ ਅਸਾਰ।।*

*ਉਹ ਤੇ ਸੌਣ ਵਾਸਤੇ ਵੀ ਨਹੀਂ ਕਹਿੰਦੇ, ਬਿਨਾਂ ਸੁੱਤਿਆਂ ਅੱਠੇ ਪਹਿਰ ਗੁਰੂ ਦਾ ਨਾਂ ਲਈ ਜਾਓ।*



# ਗੁਰ ਉਪਦੇਸ਼
# ਸ੍ਰੀ ਸਤਿਗੁਰੂ ਉਦੈ ਸਿੰਘ ਜੀ

## ਸਿੱਖੀ ਸਾਰਿਆਂ ਤੋਂ ਵਡਾ ਧਨ ਹੈ



ਸਾਧ ਸੰਗਤ ਜੀ ਬੜੀ ਖੁਸ਼ੀ ਹੋਈ ਹੈ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਬਖਸ਼ਿਸ਼ ਸਦਕਾ ਦੁਨੀਆਂ ਦੇ ਕੋਨੇ ਕੋਨੇ ਵਿਚ ਸੰਗਤਾਂ ਵਸ ਰਹੀਆਂ ਹਨ। ਉਨ੍ਹਾਂ ਦੀ ਕਿਰਪਾ ਸਦਕਾ ਹੀ ਵਿਦੇਸ਼ਾਂ ਵਿਚ ਰਹਿੰਦਿਆਂ ਵੀ ਸਿੰਘ ਸਾਬਤ ਸਰੂਪ ਸਿੱਖੀ ਵਿਚ ਰਹਿ ਰਹੇ ਹਨ। ਸਚੇ ਪਾਤਸ਼ਾਹ ਜੀ ਕਿਰਪਾ ਕਰਨ ਇਹ ਕਿਰਪਾ ਇਸੇ ਤਰ੍ਹਾਂ ਬਣੀ ਰਹੇ। ਸਤਿਗੁਰੂ ਜੀ ਹੁਕਮ ਕਰਦੇ ਸਨ ਸਿੱਖੀ ਸਾਰਿਆਂ ਤੋਂ ਵਡਾ ਧਨ ਹੈ।

ਬੱਚਿਆਂ ਨੂੰ ਇਕ ਇਕ ਘੰਟਾ ਨਾਮ ਸਿਮਰਨ ਜ਼ਰੂਰ ਕਰਵਾਇਆ ਕਰੋ। ਸਾਡਾ ਸਾਰਿਆਂ ਦਾ ਫਰਜ਼ ਹੈ ਕਿ ਸਚੇ ਪਾਤਸ਼ਾਹ ਜੀ ਦੀ ਯਾਦ ਅਤੇ ਉਹਨਾਂ ਦੇ ਪਰਉਪਕਾਰਾਂ ਨੂੰ ਸਦਾ ਯਾਦ ਰਖੀਏ। ਸਚੇ ਪਾਤਸ਼ਾਹ ਜੀ ਬਖਸ਼ਿਸ਼ ਕਰਨ ਅਸੀਂ ਉਹਨਾਂ ਦੇ ਹੁਕਮ ਮੰਨ ਸਕੀਏ, ਅਸੀਂ ਉਹਨਾਂ ਦਾ ਨਾਮ ਜਪ ਸਕੀਏ।

**(प्रकाश दिवस पर विशेष)**

# श्री सद्‌गुरू उदय सिंह जी

डॉ0 रेणु द्विवेदी, *सम्पूर्णानन्द संस्कृत विश्वविद्यालय, वाराणसी*



भारतीय संस्कृति अनेक धर्मों, उपासना पंथों, साधना परम्पराओं की संस्कृति रही है। यहाँ विभिन्न परम्पराएँ विविधता के साथ निरन्तर सामान्य जनमानस को आलोकित और प्रकाशित करती रही हैं। इन्हीं परम्पराओं में एक नामधारी परम्परा अपने देहधारी सद्‌गुरू के माध्यम से पंथ को आलोकित करती रही है। नामधारी सिख परम्परा के वर्तमान गुरू सद्‌गुरू उदय सिंह जी इस परम्परा की वर्तमान कड़ी हैं। यह नामधारी समाज के लिए अत्यन्त गौरव की बात है कि उन्हें वर्तमान सद्‌गुरू जी के रूप में एक ऐसे सच्चे पंथ प्रकाशक मिले जो अपनी सादगी, अपनी वैचारिक उच्चता और दूरदृष्टि के द्वारा पंथ को नई ऊचाईयों पर ले जाने की क्षमता रखते हैं। इनमें पूर्व गुरुओं की ज्योति समाई हुई है। पूर्व गुरुओं के प्रकाश से आलोकित वर्तमान सद्‌गुरू जी ने पंथ की बागडोर संभालने के साथ ही पंथ में नयी स्फूर्ति, नयी ताजगी लाने हेतु सर्वप्रथम साध संगतों को संगठित कर उन्हें सद्‌गुरू रामसिंह जी के चलाये कार्यक्रम को आगे बढ़ाते हुए नामधारी परम्परा के सभी धार्मिक कृत्यों को पूरी श्रद्धा से अपनाने पर जोर दिया। वे अपने उपदेशों के माध्यम से बारम्बार यह संदेश देते हैं कि हम चाहे जितने भी आधुनिक हो जायं किन्तु हमें सद्‌गुरू के बताये रास्ते को कभी नहीं भूलना है। आधुनिकता के साथ–साथ अपनी परम्परा को बनाये रखना आज के समय की सबसे बड़ी चुनौती है। आधुनिकता की चकाचौंध में नयी पीढ़ी अपनी परम्पराओं से अछूत न होने पाये इसका हम सभी को खास ध्यान रखना चाहिए। इसीलिए सद्‌गुरू ने 'नामसिमरन' पर बड़ा जोर दिया है। उन्होंने स्पष्ट आदेश दिया है कि प्रत्येक नामधारी स्वयं तथा अपने बच्चे–बच्चियों को एक घन्टा नाम सिमरन जरूर करवाये। इससे हमारी आने वाली पीढ़ी अपनी सद्‌गुरू परम्परा से, अपनी गुरूवाणी से स्वयमेव जुड़ती चली जायेगी। प्रार्थना, अरदास में बड़ी शक्ति होती है। प्रार्थना में हमारी अर्न्तचेतना का बहिर्चेतना से सीधा सम्बन्ध स्थापित हो जाता है। इस संसार में चारों ओर दिव्य शक्तियाँ फैली हुई हैं जरूरत है उन्हें सच्चे तरीके से आह्वान करने का। जब हम शान्त मन से पूर्ण समर्पण की भावना से प्रार्थना करते हैं तो हमारी अन्तर्चेतना का, हमारी आन्तरिक ऊर्जा का सम्पर्क दिव्य जगत की चेतना से होता है और हमें उससे नयी ऊर्जा, नयी स्फूर्ति प्राप्त होती है। इसीलिए सद्‌गुरू जी ने अपने उपदेशों के माध्यम से साध संगत को बारम्बार अरदास करने का उपदेश देते है। उनके अनुसार घर से बाहर निकलने से पूर्व अरदास जरूर करनी चाहिए ताकि हमारा पंथ निष्कंटक बना रहे।

22 जुलाई, सद्‌गुरू उदय सिंह जी का प्रकाश दिवस है। इस अवसर पर सभी साध संगत को अपार खुशियां तथा बधाईयां ऐसे में मेरे द्वारा सद्‌गुरू के चरणों में ये शब्द सुमन श्रद्धा के साथ समर्पित किया जा रहा है। ■

# ਅੱਗ ਵਿਚ ਝੁਲਸ ਕੇ ਹੋਈ ਪਸ਼ੂਆਂ ਦੀ ਮੌਤ ਨਮਿਤ ਪਾਠ ਦਾ ਭੋਗ

ਕੁਝ ਦਿਨ ਪਹਿਲਾਂ ਸੰਤ ਸਤਨਾਮ ਸਿੰਘ ਪੁੱਤਰ ਸੰਤ ਅਜੀਤ ਸਿੰਘ ਮੀਰਾਂ ਪੁਰ (ਜ਼ਿਲਾ ਜਲੰਧਰ) ਦੇ ਪਸ਼ੂਆਂ ਦੇ ਵਾੜੇ ਵਿਚ ਬਣੇ ਛੱਪਰ ਨੂੰ ਅੱਗ ਲਗਣ ਨਾਲ ਚਾਰ ਪਸ਼ੂ ਬੁਰੀ ਤਰ੍ਹਾਂ ਝੁਲਸ ਗਏ ਜਿਹਨਾਂ ਵਿਚੋਂ ਤਿੰਨ ਦੀ ਮੌਤ ਹੋ ਗਈ ਤੇ ਇਕ ਜ਼ਖਮੀ ਮੱਝ ਇਲਾਜ ਅਧੀਨ ਹੈ। ਅੱਗ ਲਗਣ ਨਾਲ ਮਰੇ ਪਸ਼ੂਆਂ ਦੀ ਜੀਵ ਆਤਮਾ ਦੇ ਕਲਿਆਣ ਲਈ ਅਤੇ ਇਲਾਜ ਅਧੀਨ ਮੱਝ ਦੀ ਤੰਦਰੁਸਤੀ ਲਈ ਪਰਿਵਾਰ ਵਲੋਂ ਆਪਣੇ ਗ੍ਰਹਿ ਵਿਖੇ ਇਕ ਸਧਾਰਨ ਪਾਠ ਕਰਵਾਕੇ ਭੋਗ ਪਵਾਇਆ ਗਿਆ। ਨਗਰ ਨਿਵਾਸੀ ਅਤੇ ਇਲਾਕੇ ਦੀ ਸੰਗਤ ਤੋਂ ਬਿਨਾਂ ਸੂਬਾ ਜਸਵੀਰ ਸਿੰਘ ਪੱਦੀ ਖਾਲਸਾ, ਸੂਬਾ ਹਰਜੀਤ ਸਿੰਘ ਮੁਠੱਡਾ ਅਤੇ ਸੰਤ ਸਰਨਜੀਤ ਸਿੰਘ ਮੁਠੱਡਾ ਉਚੇਚੇ ਤੌਰ ਤੇ ਇਸ ਭੋਗ ਸਮਾਗਮ ਤੇ ਪਹੁੰਚੇ ਅਤੇ ਪਰਿਵਾਰ ਨੂੰ ਹੌਸਲਾ ਦਿੱਤਾ। ਸਤਿਗੁਰੂ ਜੀ ਬਖਸ਼ਿਸ਼ ਕਰਨ, ਪਰਿਵਾਰ ਨੂੰ ਹਿੰਮਤ, ਸੁਖ ਅਤੇ ਆਪਣੇ ਚਰਨਾਂ ਦੀ ਪ੍ਰੀਤੀ ਬਖਸ਼ਣ। **–ਹਰਵਿੰਦਰ ਸਿੰਘ ਚਾਨਾ, ਮੁਠਡਾਂ ਕਲਾ**

**बाजार का भोजन ना शुद्ध होता है और न ही मर्यादा में आता है तब क्यों खाया जाए।**

**सतिजुग**
**1920 में स्थापित**

# गुरू हरकृष्ण साहिब जी



गुरू हरकृष्ण साहिब जी का जन्म सावन वदी १० (८वां सावन) बिक्रम सम्वत १७१३ (७ जुलाई १६५६) को कीरतपुर साहिब में हुआ। वे गुरू हर राय साहिब जी एवं माता किशन कौर के दूसरे पुत्र थे। राम राय जी गुरू हरकृष्ण साहिब जी के बडे भाई थे। रामराय जी को उनके गुरू घर विरोधी क्रियाकलापों एवं मुगल सलतनत के पक्ष में खडे होने की वजह से सिख पंथ से निष्कासित कर दिया गया था। ८ वर्ष की अल्प आयु में गुरू हरकृष्ण साहिब जी को गुरुपद प्रदान किया गया। गुरु हर राय जी ने १६६१ में गुरु हरकृष्ण जी को अष्ठम नानक गुरू के रूप में स्थापित किया। इस प्रकार से नाराज होकर राम राय ने औरंगजेब से इस बात की शिकायत की। इस बावत शाहजांह ने राम राय का पक्ष लेते हुए राजा जय सिंह को गुरू हरकृष्ण जी को उनके समक्ष उपस्थित करने का आदेश दिया। राजा जय सिंह ने अपना संदेशवाहक कीरतपुर भेजकर गुरू को दिल्ली लाने का आदेश दिया। पहले तो गुरू साहिब ने अनिच्छा जाहिर की। परन्तु उनके गुरसिखों एवं राजा जय सिंह के बार–बार आग्रह करने पर वो दिल्ली जाने के लिए तैयार हो गये।

इसके बाद पंजाब के सभी सामाजिक समूहों ने आकर गुरू साहिब को विदायी दी। उन्होंने गुरू साहिब को अम्बाला के निकट पंजोखारा गांव तक छोडा। इस स्थान पर गुरू साहिब ने लोगों को अपने अपने घर वापिस जाने का आदेश दिया। गुरू साहिब अपने परिवारजनों व कुछ सिखों के साथ दिल्ली के लिए रवाना हुये। परन्तु इस स्थान को छोडने से पहले गुरू साहिब ने उस महान ईश्वर प्रदत्त शक्ति का परिचय दिया। लाल चन्द, हिन्दू साहित्य के प्रखर विद्वान एव आध्यात्मिक पुरुष, ने गुरू साहिब से गीता का अर्थ पूछा। गुरू साहिब जी ने पानी लाने वाले एक व्यक्ति छज्जु राम को बुलाया और जिनके द्वारा संपूर्ण गीता सार सुनाकर लाल चन्द को हतप्रभ कर दिया। इसके पश्चात लाल चन्द ने सिख धर्म को अपनाया एवं गुरू साहिब को कुरुक्षेत्र तक छोडा।

जब गुरू साहिब दिल्ली पहुंचे तो राजा जय सिंह एवं दिल्ली में रहने वाले सिखों ने उनका बडे ही गर्मजोशी से स्वागत किया। गुरू साहिब को राजा जय सिंह के महल में ठहराया गया। सभी धर्म के लोगों का महल में गुरू साहिब के दर्शन के लिए तांता लग गया।

एक बार राजा जयसिंह ने बहुत सी औरतों को, जो कि एक समान सजी संवरी थी, गुरु साहिब के सामने उपस्थित किया और कहा कि वे असली रानी को पहचाने। गुरू साहिब एक महिला, जो कि नौकरानी की वेशभूषा में थी, की गोद में जाकर बैठ गये। यह महिला ही असली रानी थी। इसके अलावा भी सिख इतिहास में उनकी बौद्धिक क्षमता को लेकर बहुत सी साखियाँ प्रचलित है।


बहुत ही कम समय में गुरू हरकृष्ण साहिब जी ने सामान्य जनता के साथ अपने मित्रतापूर्ण व्यवहार से राजधानी में लोगों से लोकप्रियता हासिल की। इसी दौरान दिल्ली में हैजा और छोटी माता जैसी बीमारियों का प्रकोप महामारी लेकर आया। मुगल राज जनता के प्रति असंवेदनशील थी। जात पात एवं ऊंच नीच को दरकिनार करते हुए गुरू साहिब ने सभी भारतीय जनों की सेवा का अभियान चलाया। खासकर दिल्ली में रहने वाले मुस्लिम उनकी इस मानवता की सेवा से बहुत प्रभावित हुए एवं वो उन्हें बाला पीर कहकर पुकारने लगे। जनभावना एवं परिस्थितियों को देखते हुए औरंगजेब भी उन्हें नहीं छेड सका। परन्तु साथ ही साथ औरंगजेब ने राम राय को शह भी देकर रखी, ताकि सामाजिक मतभेद उजागर हों।

दिन रात महामारी से ग्रस्त लोगों की सेवा करते करते गुरू साहिब अपने आप भी तेज ज्वर से पीडित हो गये। छोटी माता के अचानक प्रकोप ने उन्हें कई दिनों तक बिस्तर से बांध दिया। जब उनकी हालत कुछ ज्यादा ही गंभीर हो गयी तो उन्होने अपनी माता को अपने पास बुलाया और कहा कि उनका अन्त अब निकट है। जब उन्हें अपने उत्तराधिकारी का नाम लेने के लिए कहा, तो उन्होने केवल बाबा बकाला का नाम लिया। यह शब्द केवल भविष्य गुरू, गुरू तेगबहादुर साहिब, जो कि पंजाब में ब्यास नदी के किनारे स्थित बकाला गांव में रह रहे थे, के लिए प्रयोग हुआ था।

अपने अन्त समय में गुरू साहिब सभी लोगों को निर्देश दिया कि कोई भी उनकी मृत्यु पर रोयेगा नहीं। बल्कि गुरूबाणी में लिखे शब्दों को गायेंगे। इस प्रकार बाला पीर चौत सूदी १४ (तीसरा वैसाख) बिक्रम सम्वत १७२१ (३० मार्च १६६४) को ज्योतिजोत समा गये। दसवें नानक–गुरू गोविन्द साहिब जी ने अपनी श्रद्धाजंलि देते हुए अरदास में दर्ज किया कि *श्री हरकृष्ण धियाइये, जिस ड़िठे सब दुख जाए।* दिल्ली में जिस आवास में वो रहे, वहां एक ऐतिहासिक गुरुद्वारा श्री बंगला साहिब है। ■

# SANT RIPDHAMAN SINGH PLAHA (OCTOBER 1932 - MAY 2016)

SATJUG
ESTABLISHED IN 1920



**Sardar Ripdhaman Singh Plaha** Fondly known to many as Dhami across his friends and Rip amongst his work colleagues, departed this earth for heavenly abode on 25 May 2016. He was 84 years old.

Ripdhaman Singh's association with Namdhari Sikhs dates back to the times of Sri Satguru Partap Singh Ji's first visit to Kenya in 1958. In those early days, recognising his musical talent, Satguru Partap Singh Ji and later Sri Satguru Jagjit Singh Ji made him a regular contributor (along with Ragi Udham Singh Devsi) to perform Kirtan . 'Dhami' jis passion was playing Tabla.

He was born in the family of Dr Assa Singh Plaha and Mata Dhan Kaur Plaha. Dr Assa Singh was a doctor of homeopathic medicine of the University of Kolkata, India. At the same time he was a very talented musician. Dr Assa Singh learnt music from the Gwalior Gharana and settled in Kenya in 1935, with the family joining him around 1940. Dr Ji performed Kirtan seva, in classical format at the Gurudwara - Sis Ganj Sahib in Delhi over a period of 18 years. Within the family archives, we also learn that K N Saigal, the famous singer in the Bombay Music-Film industry was not only a close friend but had also been tutored by Dr Assa Singh in Indian classical music .

He married young at age around 18 (13 December 1950) to Harbhajan Kaur.

He leaves behind three children, sons, Davinder Singh and Bhupinder Singh and daughter Jasvinder Kaur, his many nephews and nieces and other children from his extended family, friends and a large network of his music family.

One of the many passions of Ripdhaman Singh was Indian Classical music, an art he mastered at a very young age at the hands of his devoted and professional father, Dr Assa Singh.

At his father's surgery, Ripdhaman Singh learnt compassion and empathy, and at his father's music school in Nairobi he learnt playing various musical instruments and became a master table player, an art he was known for across a wide audience in the world, especially in Kenya, Uganda, at Sri Bhaini Sahib, Punjab, India and the UK. It is his prowess in table that brought him into close contact with same world famous table maestros like Ustad Allah Rakha Khan and Ustad Sukhwinder Singh popularly known as Pinky.

At the younger age he became a disciple of Sardar Jaswant Singh Amritsaria and then latterly Ustad Allah Rakha Sahib during one of his UK tour. He had accompanied on the Tablas with various high calibre Indian Musicians:

- **The Singh Bandhus (Tejpal Singh and Surinder Singh)**
- **Sheila Markanday (disciple of Ghulam Mustapha Khan of Bombay)**
- **Ragi Udham Singh Devsi who secured the title of a Gandharv Ragi and had been a disciple of Dr Assa Singh**
- **Purshotam Kapila, a member of the famous ghazal singer Jagjit Singh.**
- **Avtar Singh Paintal, a fine Indian classical vocalist.**
- **Sohanlal Bhandari, a fine sitar player and disciple of the world famous Pandit Ravi Shankar**
- **Pandit'sRajanSajjanMisra**

He shared and taught this art onto younger generations having initiated and teaching classical music, particularly Tabla to various persons like his own eldest Bhanja, Harjit Singh Seyan who in turn initiated his own son Rajveer Singh into becoming a fine table player, Kuldip Singh Rayat, and Karandeep Singh whose grandfather learnt music from Dr Assa Singh at his music school in Nairobi.

He sowed the seeds of music in many Namdhari sikhs in East Africa and UK. Notably, Ripdhaman initiated (Namdhhari Santoor wadak) Kiranpal Singh (son of Sardar Satbachan Singh Deeora) into Tabla playing who later took up learning Santoor with the divine blessings of Satguru Jagjit Singh Ji Maharaj. Today Ustad Kiranpal Singh is known as one of the finest player of the beautiful instrument Santoor under the discipleship of Pandit Shiv Kumar Sharma.

Ripdhaman Singh was a highly respected and loved member of Namdhari Sikh Sangat Southall.Till recently he performed shabad kirtan during the annual Jap Prayog. He leaves a great void in the congregation and will be greatly missed.



**Dhami Ji on Tabla**

Extract from Eulogy by Sachdev Singh Seyan

Extra reporting by santoor wadak, Kiranpal Singh Deeora.

**Namdhari Sikh Sangat Southall UK**

## MATRIMONIALS

**Alliance invited for Namdhari girl, 25, 5 feet 3 inches, BCA, MCA.**
**Contact: 09256860177, 01675-285120 Post Box: 1010**

❖❖❖

**Wanted NRI/Govt. Servant match for Namdhari girl, 23, 5 feet 4 inches, B.Sc. (Nursing).**
**Contact: 09815026755 Post Box: 1011**

❖❖❖

**Suitable girl required for Namdhari boy, 27, 5 feet 7 inches, B.Tech., Lecturer in College.**
**Contact: 09779770496 Post Box: 1012**

❖❖❖

**Wanted suitable match for Namdhari girl, 23, 5 feet 3 inches, B.Sc.(IT), pursuing B.A. (Private).**
**Contact: 09779770496 Post Box: 1013**

❖❖❖

**Alliance invited for Namdhari girl, 23, 5 feet 4 inches, B.Sc. (Nursing).**
**Contact: 09815026755 Post Box: 1014**

❖❖❖

**Required well educated, beautiful girl for Namdhari handsome boy, 27, 5 feet 8 inches, permanent job in Canada.**
**Contact:09876010532 Post Box:1015**

❖❖❖

**Wanted suitable match for Namdhari Widow girl, 29, 5 feet 3 inches, B.Com., B.Ed**
**Contact: 8375003423, 9711660839 Post Box: 1016**
**Rupinder20142014@gmail.com**

**Correspond Care :**
**SATJUG**
**Namdhari Gurdwara Ramesh Nagar, New Delhi-15**
**e-mail : satjugweekly@gmail.com**

# ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਨਾਮਧਾਰੀ ਨੌਜਵਾਨਾਂ ਦੀ ਵਿਸ਼ੇਸ਼ ਇਕੱਤਰਤਾ



**ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹੋਈ ਵਿਸ਼ੇਸ਼ ਮੀਟਿੰਗ ਦੌਰਾਨ ਬੈਠੇ ਬੁਧੀਜੀਵੀ ਨੌਜਵਾਨ ਅਤੇ ਆਪਣੇ ਵਿਚਾਰ ਸਾਂਝੇ ਕਰਦੇ ਸ. ਸਵਰਨ ਸਿੰਘ ਵਿਰਕ।**

੨੫ ਜੂਨ ੨੦੧੬: ਅੱਜ ੫੧ਵੇਂ ਵਾਰਸ਼ਿਕ ਵਿੱਦਿਅਕ ਸੰਮੇਲਨ ਦੇ ਦੂਸਰੇ ਦਿਨ ਸ਼ਾਮ ੫ ਵਜੇ ਸ੍ਰੀ ਭੈਣੀ ਸਹਿਬ ਦੇ ਸੰਗੀਤ ਹਾਲ ਅੰਦਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ ਪੜ੍ਹੇ ਲਿਖੇ, ਪ੍ਰੋਫੈਸ਼ਨਲ ਨਾਮਧਾਰੀ ਨੌਜਵਾਨ ਲੜਕੇ ਤੇ ਲੜਕੀਆਂ ਦੀ ਇੱਕ ਵਿਸ਼ੇਸ਼ ਇਕੱਤਰਤਾ ਕੀਤੀ ਗਈ। ਸਤਿਗੁਰੂ ਜੀ ਦੀ ਇਸ ਤਰਾਂ ਦੀ ਇੱਛਾ ਨੂੰ ਵੇਖਦਿਆਂ ਹੋਇਆਂ ਸੰਤ ਗੁਰਮੁਖ ਸਿੰਘ ਰਹਿਬਰ ਨੇ ਇਸ ਵਿਸ਼ੇਸ਼ ਇਕੱਤਰਤਾ ਲਈ ਆਗਿਆ ਲਈ ਸੀ। ਤਕਰੀਬਨ ੧੫ ਕੁ ਦਿਨ ਪਹਿਲਾਂ ਹੀ ਸ੍ਰੀ ਭੈਣੀ ਸਾਹਿਬ ਤੇ ਵਿਸ਼ਵ ਨਾਮਧਾਰੀ ਵਿਦਿਅਕ ਜਥੇ ਦੇ ਆਫੀਸ਼ੀਅਲ ਫੇਸ ਬੁੱਕ ਪੇਜ ਤੇ ਅਪਡੇਟ ਕਰ ਵੱਖ ਵੱਖ ਖਿੱਤਿਆਂ ਦੇ ਪੜੇ ਲਿਖੇ ਨੌਜਵਾਨਾਂ ਨੂੰ ਆਪਣੀ ਜਾਣਕਾਰੀ ਭੇਜ ਰਜਿਸਟ੍ਰੇਸ਼ਨ ਕਰਵਾਉਣ ਲਈ ਬੇਨਤੀ ਕੀਤੀ ਗਈ ਸੀ।ਸੌ ਦੇ ਕਰੀਬ ਵੱਖ ਵੱਖ ਪੇਸ਼ਿਆਂ ਦੇ ਨੌਜਵਾਨ ਲੜਕੇ ਤੇ ਲੜਕੀਆਂ ਨੇ ਇਸ ਇਕੱਤਰਤਾ ਲਈ ਆਨ ਲਾਈਨ ਰਜਿਸਟ੍ਰੇਸ਼ਨ ਕਰਵਾ ਲਈ ਸੀ। ਰਜਿਸਟ੍ਰੇਸ਼ਨ ਦਾ ਕਾਰਜ ਵਿਸ਼ਵ ਨਾਮਧਾਰੀ ਵਿਦਿਅਕ ਜਥੇ ਦੇ ਕੇਂਦਰੀ ਦਫਤਰ ਵਿੱਚ ਕੰਮ ਕਰਨ ਵਾਲੇ ਨੌਜਵਾਨ ਹਰਕੀਰਤ ਸਿੰਘ ਨੇ ਬੜੀ ਮੇਹਨਤ ਤੇ ਲਗਨ ਨਾਲ ਕੀਤਾ ਸੀ।

ਸਰਕਾਰੀ ਤੇ ਗੈਰ ਸਰਕਾਰੀ ਅਧਿਆਪਕ, ਪ੍ਰੋਫੇਸਰ, ਹਾਈ ਕੋਰਟ ਦੇ ਵਕੀਲ, ਪੀ ਐਚ ਡੀ ਡਾਕਟਰ, ਇੰਜਨੀਅਰ ਤੇ ਆਈ ਟੀ ਡਿਪਾਰਟਮੈਂਟ ਨਾਲ ਸੰਬੰਧਤ ਨੌਜਵਾਨ ਲੜਕੇ ਤੇ ਲੜਕੀਆਂ ਜਿਨਾਂ ਵਿੱਚੋਂ ਕਿਸੇ ਦੀ ਉਮਰ ੪੦ ਸਾਲ ਤੋਂ ਉੱਪਰ ਨਹੀ ਸੀ ਇਸ ਮੌਕੇ ਤੇ ਸਵਾ ਸੌ ਦੇ ਕਰੀਬ ਗਿਣਤੀ ਵਿੱਚ ਹਾਜ਼ਰ ਹੋਏ।ਸਮੇਂ ਦੀ ਘਾਟ ਕਰਕੇ ਹਾਲੀਂ ਅਸੀਂ ਬਹੁਤਿਆਂ ਨੂੰ ਸੰਪਰਕ ਵੀ ਨਹੀਂ ਸਾਂ ਕਰ ਪਾਏ।ਠੀਕ ਸਵਾ ਛੇ ਵਜੇ ਮੀਟਿੰਗ ਦੀ ਸ਼ੁਰੂਆਤ ਹੋਈ। ਬੀਬੀ ਲਖਵਿੰਦਰ ਕੌਰ ਜੋ ਹੁਣ ਵਿਸ਼ਵ ਨਾਮਧਾਰੀ ਇਸਤਰੀ ਵਿਦਿਅਕ ਜਥੇ ਦੇ ਮੁੱਖ ਸੇਵਾਦਾਰਾਂ ਵਿੱਚੋਂ ਹੈ ਅੰਗਰੇਜੀ ਵਿੱਚ ਆਪਣਾ ਪਹਿਲਾ ਭਾਸ਼ਣ ਦੇ ਸਭ ਨੌਜਵਾਨਾਂ ਨੂੰ ਜੀ ਆਇਆਂ ਨੂੰ ਆਖਿਦਿਆਂ ਕਿਹਾ ਕਿ ਅਸੀਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਸਭ ਕੁਝ ਪਰਾਪਤ ਕੀਤਾ ਹੈ ਤੇ ਉਹ ਅਕਸਰ ਇਹ ਹੁਕਮ ਕਰਿਆ ਕਰਦੇ ਸਨ ਕਿ ਤੁਸੀਂ ਨਾਮਧਾਰੀ ਡਾਕਟਰ ਬਣੋ ਵਕੀਲ ਬਣੋ ਇੰਜਨੀਅਰ ਬਣੋ ਪਰ ਸਭ ਤੋਂ ਪਹਿਲਾਂ ਇੱਕ ਚੰਗੇ ਸਿੱਖ ਜਰੂਰ ਬਣੋ। ਉਹਨਾਂ ਤੋਂ ਬਾਅਦ ਸੁਖਵਿੰਦਰ ਸਿੰਘ ਲਾਇਲ ਨੇ ਸ੍ਰੀ ਸਤਿਗੁਰੂ ਜੀ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਆਪਣੇ ਸੰਬੋਧਨ ਦੌਰਾਨ ਜਾਣਕਾਰੀ ਦੇਂਦੇ ਹੋਏ ਦੱਸਿਆ ਕਿ ਇਹ ਵਰ੍ਹਾ ਸਤਿਗੁਰੂ ਰਾਮ ਸਿੰਘ ਜੀ ਦੀ ਦੂਸਰੀ ਪ੍ਰਕਾਸ਼ ਸ਼ਤਾਬਦੀ ਨੂੰ ਸਮਰਪਿਤ ਹੈ।ਸਤਿਗੁਰੂ ਰਾਮ ਸਿੰਘ ਜੀ ਨੇ ਜੋ ਚਾਨਣ ਦੁਨੀਆਂ ਨੂੰ ਬਖਸ਼ਿਆ ਸਤਿਗੁਰੂ ਜਗਜੀਤ ਸਿੰਘ ਜੀ ਦਾ ਇਹ ਸੁਪਨਾ ਸੀ ਕਿ ਅਜੋਕੀ ਪੜੀ ਲਿਖੀ ਨਾਮਧਾਰੀ ਜਨਰੇਸ਼ਨ ਆਪ ਉਹਨਾਂ ਲੀਹਾਂ ਤੇ ਪੱਕੇ ਹੋ ਨਵੀਂ ਤਕਨੀਕ ਤੇ ਨਵੇਂ ਢੰਗ ਨਾਲ ਉਹ ਸਭ ਦੁਨੀਆਂ ਤੱਕ ਪਹੁੰਚਾਵੇ। ਇਸੇ ਲਈ ਆਪ ਜੀ ਨੇ ੧੯੬੫ਵਿੱਚ ਵਿਦਿਅਕ ਜਥੇ ਦੀ ਸਥਾਪਨਾ ਕੀਤੀ ਸੀ ਜੋ ਅੱਜ ਵਿਸ਼ਵ ਨਾਮਧਾਰੀ ਵਿਦਿਅਕ ਜਥੇ ਦੇ ਰੂਪ ਵਿੱਚ ਸੇਵਾ ਲਈ ਯਤਨਸ਼ੀਲ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਇਸਤਰੀਆਂ ਨੂੰ ਬਰਾਬਰਤਾ ਦੇ ਦਰਜੇ ਵਾਲੀ ਗੱਲ ਨੂੰ ਅੱਗੇ ਤੋਰਦਿਆਂ ਹੋਇਆਂ ਵਿਸਵ ਨਾਮਧਾਰੀ ਇਸਤਰੀ ਵਿਦਿਅਕ ਜਥੇ ਨੂੰ ਵੀ ਆਯਾਮ ਦਿੱਤਾ ਤੇ ਇਸਤਰੀਆਂ ਨੂੰ ਸਮਾਜਿਕ ਪ੍ਰਬੰਧ ਵਿੱਚ ਵੀ ਸੇਵਾ ਬਖਸ਼ ਬਰਾਬਰਤਾ ਦੀ ਗੱਲ ਹੀ ਨਹੀਂ ਬਰਾਬਰ ਵੀ ਕੀਤਾ।ਜਿਸ ਦਾ ਨਤੀਜਾ ਅੱਜ ਅਸੀਂ ਵੇਖ ਰਹੇ ਹਾਂ ਕਿ ਸਤਿਗੁਰੂ ਜੀ ਦੀ ਕਿਰਪਾ ਨਾਲ ਨਾਮਧਾਰੀ ਸਮਾਜ ਦੀਆਂ ਲੜਕੀਆਂ ਮੈਜਿਸਟ੍ਰੇਟ, ਵਕੀਲ, ਪਾਇਲਟ, ਡਾਕਟਰ, ਪ੍ਰੋਫੈਸਰ, ਸੰਗੀਤਕਾਰ ਆਦਿ ਵੱਖ ਵੱਖ ਖਿੱਤਿਆਂ ਵਿੱਚ ਲੜਕਿਆਂ ਨਾਲੋਂ ਕਿਸੇ ਵੀ ਕੀਮਤ ਤੇ ਘੱਟ ਨਹੀਂ।ਅਸੀਂ ਸ੍ਰੀ ਹਜ਼ੂਰ ਸਤਿਗੁਰੂ ਜੀ ਦਾ ਕੋਟਾਨ ਕੋਟ ਧੰਨਵਾਦ ਕਰਦੇ ਹਾਂ ਤੇ ਖੁਸ਼ਕਿਸਮਤ ਵੀ ਹਾਂ ਕਿ ਉਹਨਾਂ ਆਪਣੇ ਕੀਮਤੀ ਸਮੇਂ ਵਿੱਚੋਂ ਨੇੜਤਾ ਦਾ ਇਹ ਮੌਕਾ ਨੌਜਵਾਨਾਂ ਨੂੰ ਵੀ ਬਖਸ਼ਿਆ। ਬਾਅਦ ਵਿੱਚ ਨਾਮਧਾਰੀ ਇਤਿਹਾਸਕਾਰ ਤੇ ਵਿਦਵਾਨ ਸ ਸਵਰਨ ਸਿੰਘ ਵਿਰਕ ਜੀ ਨੇ ਨੌਜਵਾਨਾਂ ਨੂੰ ਸੰਬੋਧਨ ਹੁੰਦਿਆਂ ਆਖਿਆ ਕਿ ਅਸੀਂ ਸਿਰਫ ਡਾਕਟਰ ਵਕੀਲ ਆਦਿ ਹੀ ਨਹੀਂ ਅਸੀਂ ਨਾਮਧਾਰੀ ਡਾਕਟਰ, ਵਕੀਲ ਹਾਂ।ਤੁਹਾਡੇ ਖਿੱਤੇ ਚੋਂ ਤੁਹਾਡੇ ਉੱਚੇ ਸੁੱਚੇ ਕਿਰਦਾਰ ਦੀ ਖੁਸ਼ਬੋ ਆਉਣੀ ਚਾਹੀਦੀ ਹੈ ਜੋ ਸਤਿਗੁਰੂ ਰਾਮ ਸਿੰਘ ਜੀ ਦੇ ਘਰ ਤੋਂ ਸਤਿਗੁਰੂ ਜਗਜੀਤ ਸਿੰਘ ਜੀ ਸਾਨੂੰ ਬਖਸ਼ਿਆ।ਗੁਰੂ ਤੇ ਸਿੱਖ ਦਾ ਰਿਸ਼ਤਾ ਪਿਓ ਪੁੱਤਰ ਤੋਂ ਵੀ ਵਧ ਕੇ ਹੁੰਦਾ ਹੈ,ਇਸੇ ਤਰਾਂ ਸਤਿਗੁਰੂ ਜੀ ਆਪ ਸਭ ਨੂੰ ਪਿਆਰਦਿਆਂ ਤੇ ਤੁਹਾਡੇ ਤੇ ਮਾਣ ਕਰਦਿਆਂ ਏਨੀ ਨੇੜਤਾ ਬਖਸ਼ੀ ਹੈ।ਸੋ ਆਓ ਨਵੀਂ ਐਜੂਕੇਸ਼ਨ ਪ੍ਰਣਾਲੀ ਨਾਲ ਨਵਿਆਂ ਢੰਗਾਂ ਨਾਲ ਆਪਣੇ ਪੰਥ ਦੀ ਸੇਵਾ ਕਰੀਏ ਜਿਸ ਘਰ ਤੋਂ ਅਸੀਂ ਸਭ ਕੁਝ ਪ੍ਰਾਪਤ ਕੀਤਾ ਹੈ। ਇਸ ਤੋਂ ਬਾਅਦ ਸਾਰੇ ਨੌਜਵਾਨ ਲੜਕੇ ਤੇ ਲੜਕੀਆਂ ਨੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਆਪਣੀ ਹਾਜ਼ਰੀ ਲਵਾਉਂਦਿਆਂ ਹੋਇਆਂ ਆਪਣੀ ਇੰਟਰੋਡਕਸ਼ਨ ਦੌਰਾਨ ਆਪਣੀ ਪ੍ਰਾਪਤ ਕੀਤੀ ਸਿੱਖਿਆ ਤੇ ਪ੍ਰੋਫ਼ੈਸ਼ਨ ਦੀ ਜਾਣਕਾਰੀ ਸਾਂਝੀ ਕੀਤੀ।

**ਸੱਚੇ ਪਾਤਿਸ਼ਾਹ ਜੀ :** ਅਖੀਰ ਸ੍ਰੀ ਹਜ਼ੂਰ ਨੇ ਆਪਣੀ ਪਾਵਨ ਰਸਨਾ ਨਾਲ ਸਭ ਨੂੰ ਸੰਬੋਧਿਤ ਕਰਦਿਆਂ ਆਪ ਅੱਜ ਦੀ ਇਸ ਇਕੱਤਰਤਾ ਦਾ ਮੁੱਖ ਏਜੰਡੇ ਦੱਸਣ ਦੀ ਕਿਰਪਾ ਕੀਤੀ।ਆਪ ਜੀ ਹੁਕਮ ਕੀਤਾ ਕਿ ***ਮੈਨੂੰ ਬੜੀ ਖੁਸ਼ੀ ਹੋਈ ਹੈ ਕਿ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਅੱਜ ਸਾਡੇ ਬੱਚੇ ਬਹੁਤ ਪੜ ਲਿਖ ਰਹੇ ਹਨ। ਸਤਿਗੁਰੂ ਜੀ ਪੜਨ ਤੋਂ ਕਦੇ ਨਹੀਂ ਸਨ ਰੋਕਦੇ ਸਗੋਂ ਕਿ ਬੜੇ ਖੁਸ਼ ਹੋਇਆ ਕਰਦੇ ਸਨ। ਆਪ ਜੀ ਇਹੀ ਹੁਕਮ ਕਰਦੇ ਸਨ ਕਿ ਸਿੱਖੀ ਸਭ ਤੋਂ ਉੱਪਰ ਹੈ।*** ਤੁਸੀਂ ਸਾਰੇ ਅੱਜ ਏਥੇ ਆਏ ਹੋ ਇਹ ਵਿਚਾਰ ਕਰੀਏ ਕਿ ਕਿਸ ਢੰਗ ਨਾਲ ਅਸੀਂ ਆਪਣੇ ਸਮਾਜ ਦੀ ਉਸਾਰੀ ਵਾਸਤੇ ਆਪਣਾ ਯੋਗਦਾਨ ਪਾ ਸਕਦੇ ਹਾਂ। ਜਿਹੜੇ ਯੁੱਗ ਵਿੱਚ ਅਸੀਂ ਜਾ ਰਹੇ ਹਾਂ ਇਹ ਕੰਪਿਊਟਰ ਦਾ ਯੁੱਗ ਹੈ ਬਹੁਤ ਸਾਰਾ ਸਾਡਾ ਲਿਟਰੇਚਰ ਛਪਿਆ ਹੈ ਜ਼ਰੂਰਤ ਹੈ ਖੋਜ ਕਰਨ ਵਾਲਿਆਂ ਤੱਕ ਆਪਣਾ ਸ਼ਾਨਾਮੱਤਾ ਇਤਿਹਾਸ ਪਹੁੰਚਾਣ ਦੀ ਜੋ ਕਿ ਈ ਲਾਇਬ੍ਰੇਰੀ ਦੁਆਰਾ ਸੌਖਾ ਹੋ ਸਕਦਾ ਹੈ ਪਰ ਉਸ ਤੋਂ ਪਹਿਲਾਂ ਇਸ ਲਈ ਕੰਮ ਕਰਨ ਦੀ ਜ਼ਰੂਰਤ ਹੈ।ਜਿੱਥੇ ਪੰਜਾਬੀ ਹਿੰਦੀ ਨਹੀਂ ਚੱਲਦੀ ਉਹਨਾਂ ਨੂੰ ਅੰਗਰੇਜ਼ੀ ਵਿੱਚ ਇਹ ਮੁਹੱਈਆ ਕਰਵਾਉਣਾ ਹੈ, ਇਸ ਲਈ ਤੁਸੀਂ ਅੱਗੇ ਆਉ ਤੇ ਕੰਮ ਕਰੋ ਜੋ ਪੰਜਾਬੀ ਹਿੰਦੀ ਟਾਈਪ ਕਰ ਸਕਦੇ ਹਨ ਉਹ ਵੀ ਅੱਗੇ ਆਉਣ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਾਵਨ ਪ੍ਰਵਚਨਾਂ ਦੀ ਨਵੀਂ ਛਪੀ ਅੰਗਰੇਜੀ ਕਿਤਾਬ ਜਿਸ ਦੀ ਭੂਮਿਕਾ ਖੁਦ ਹਜ਼ੂਰ ਸਤਿਗੁਰੂ ਜੀ ਲਿਖੀ ਹੈ ਸਤਿਗੁਰੂ ਜੀ ਨੇ ਨੌਜਵਾਨਾਂ ਨੂੰ ਵਖਾਉਂਦਿਆਂ ਬਚਨ ਕੀਤਾ ਕਿ ਇਸ ਨੂੰ ਪੜੋ ਤੇ ਆਪਣੇ ਵਿਚਾਰ ਵੀ ਸਾਨੂੰ ਭੇਜੋ,ਸ੍ਰੀ ਹਜ਼ੂਰ ਨੇ ਦੋ ਪਹਿਰੇ ਆਪ ਪੜ੍ਹ ਕੇ ਸਾਰਿਆਂ ਨੂੰ ਸੁਣਾਏ ਤੇ ਬਚਨ ਕੀਤਾ ਕਿ ਸਤਿਗੁਰੂ ਜੀ ਕਿੰਨੀ ਸਰਲਤਾ ਦੇ ਸਾਦਗੀ ਨਾਲ ਸਾਨੂੰ ਆਪਣੇ ਪ੍ਰਵਚਨਾਂ ਵਿੱਚ ਸਮਝਾਇਆ ਹੈ। ਸਤਿਗੁਰੂ ਜੀ ਕਿਰਪਾ ਕਰਨ ਕਿ ਸਾਡੇ ਸਮਾਜ ਨੂੰ ਅਦਾਲਤਾਂ ਵਿੱਚ ਜਾਣ ਦੀ ਜਰੂਰਤ ਹੀ ਨਾ ਪਵੇ ਉਹਨਾਂ ਦੀ ਮਿਹਨਤ ਦੀ ਕਮਾਈ ਕਚਿਹਰੀਆਂ ਵਿੱਚ ਖਰਾਬ ਨਾ ਹੋਵੇ ਆਪਸ ਵਿੱਚ ਹੀ ਬੈਠ ਕੇ ਸਾਰੇ ਮਸਲੇ ਹੱਲ ਹੋਣ ।ਤਲਾਕ ਜਿਹੀ ਲਾਹਨਤ ਤੋਂ ਸਤਿਗੁਰੂ ਜੀ ਸਾਨੂੰ ਬਹੁਤ ਬਚਾਇਆ ਹੋਇਆ ਹੈ ਪਰ ਫੇਰ ਵੀ ਕਿਤੇ ਕਿਤੇ ਇਹ ਮਸਲੇ ਸਾਡੇ ਸਮਾਜ ਵਿੱਚ ਕਿਤੇ ਕਿਤੇ ਪਨਪ ਰਹੇ ਨੇ ਜੋ ਕਿ ਮਾੜੀ ਗੱਲ ਹੈ।ਸਤਿਗੁਰੂ ਕਿਰਪਾ ਕਰਨ ਨੋਜਵਾਨ ਸਾਦੇ ਅਨੰਦ ਕਾਰਜਾਂ ਵੱਲ ਪ੍ਰੇਰਿਤ ਹੋਣ ਤੇ ਬਾਕੀਆਂ ਲਈ ਵੀ ਪ੍ਰੇਰਨਾ ਸਰੋਤ ਬਣਨ। ਨੋਜਵਾਨ ਗੁਰਤੇਜ ਸਿੰਘ ਜੋ ਜਾਲਖੇੜੀ ਤੋਂ ਵਿਦਿਅਕ ਜਥੇ ਦਾ ਪ੍ਰਮੁੱਖ ਹੈ ਇਸ ਇਕੱਤਰਤਾ ਵਿੱਚ ਬੈਠਾ ਸੀ, ਸਤਿਗੁਰੂ ਜੀ ਸਾਰਿਆਂ ਦਾ ਧਿਆਨ ਉਸ ਵੱਲ ਦਿਲਾ ਹੁਕਮ ਕੀਤਾ ਕਿ ਇਸ ਨੌਜਵਾਨ ਨੇ ਇਸ ਦੇ ਪ੍ਰੀਵਾਰ ਨੇ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਬਿਲਕੁਲ ਸਾਦਾ ਅਨੰਦ ਕਾਰਜ ਕੀਤਾ ਹੈ। ਸਤਿਗੁਰੂ ਜੀ ਨੇ ਅਧਿਆਪਨ ਖੇਤਰ ਵਿੱਚ ਕਾਰਜਕਰਤ ਲੜਕੇ ਲੜਕੀਆਂ ਨੂੰ ਹੁਕਮ ਕੀਤਾ ਕਿ ***ਆਪਣੇ ਸਕੂਲਾਂ ਤੇ ਅਕੈਡਮੀ ਦਾ ਦੌਰਾ ਵੀ ਤੁਸੀਂ ਕਰੋ ਤੇ ਕੀ ਚਾਹੀਦਾ ਹੈ ਜਿਸ ਨਾਲ ਉਹਨਾਂ ਨੂੰ ਹੋਰ ਸਟੈਂਡਰਾਈਜ਼ਡ ਕੀਤਾ ਜਾਵੇ।*** ਇੱਕ ਨੌਜਵਾਨ ਲੜਕੀ ਵੱਲੋਂ ਅਰਜ ਕਰਨ ਤੇ ਕਿ ਆਪਣੀ ਯੂਨੀਵਰਸਿਟੀ ਖੁੱਲੇ ਸਤਿਗੁਰੂ ਜੀ ਨੇ ਉਸ ਦੀ ਪ੍ਰਸੰਸਾ ਕਰਦਿਆਂ ਅਖਿਆ ਕਿ ਬਹੁਤ ਸੋਹਣੀ ਸੋਚ ਹੈ ਬੇਟੀ ਸੱਚੇ ਪਾਤਿਸ਼ਾਹ ਕਿਰਪਾ ਕਰਨ ਸਮਾਂ ਆਉਣ ਤੇ ਇਹ ਵੀ ਹੋਵੇਗਾ। ਨੌਜਵਾਨ ਡਾ: ਪੁਸ਼ਪਿੰਦਰ ਸਿੰਘ ਤੋਂ ਇਲਾਵਾ ਉਹਨਾਂ ਦੀ ਡਾ ਪਤਨੀ ਹੋਰ ਡਾਕਟਰ ਲੜਕੀਆਂ ਤੇ ਮੈਡੀਕਲ ਦੇ ਸਟੂਡੈਂਟਸ ਨੂੰ ਹੁਕਮ ਕਰਦਿਆਂ ਸਤਿਗੁਰੂ ਜੀ ਬਚਨ ਕੀਤਾ ਕਿ ***ਸਤਿਗੁਰੂ ਜੀ ਦੀ ਕਿਰਪਾ ਨਾਲ ਸਾਡੇ ਵਿੱਚ ਅੱਜ ਘੱਟੋ ਘੱਟ ਡਾਕਟਰ ਨੇ। ਸਾਰਿਆਂ ਨਾਲ ਸੰਪਰਕ ਬਣਾਓ ਤੇ ਇੱਕ ਗਰੁੱਪ ਬਣਾ ਕੇ ਤੁਸੀਂ ਨਾਮਧਾਰੀ ਪੰਥ ਵੱਲੋਂ ਮੈਡੀਕਲ ਕੈਂਪ ਤੇ ਨਸ਼ਾ ਛਡਾਊ ਕੈਂਪਾਂ ਤੋਂ ਇਲਾਵਾ ਆਰਗਨ ਡੋਨੇਟ ਖਾਸ ਕਰਕੇ ਅੱਖਾਂ ਦਾਨ, ਖੂਨ ਦਾਨ ਕੈਂਪ ਲਗਾ ਸਕਦੇ ਹੋ।ਆਉਣ ਵਾਲੇ ਅੱਸੂ ਦੇ ਮੇਲੇ ਤੋਂ ਇਹ ਸ਼ੁਰੂਆਤ ਹੋ ਸਕਦੀ ਹੈ। ਲੋਕਾਂ ਨੂੰ ਸਹਿਤ ਸੰਬੰਧੀ ਜਾਗਰੂਕਤਾ ਦੀ ਲੋੜ ਹੈ ਸੋ ਤੁਸੀਂ ਇਹ ਸੇਵਾ ਤਨਦੇਹੀ ਨਾਲ ਕਰੋ ਸਤਿਗੁਰੂ ਜੀ ਕਿਰਪਾ ਕਰਨਗੇ।*** ਆਈ ਟੀ ਦੇ ਖਿੱਤੇ ਦੇ ਮਾਹਰ ਨੌਜਵਾਨਾਂ ਨੂੰ ਕਰਨਪਾਲ ਸਿੰਘ ਮੁਹਾਲੀ ਵਾਲਿਆਂ ਦੀ ਉਦਾਹਰਣ ਦੇ ਕੇ ਸਤਿਗੁਰੂ ਜੀ ਹੁਕਮ ਕੀਤਾ ਕਿ ਇਹ ਨੌਜਵਾਨ ਆਪਣੇ ਕੰਮ ਦੇ ਨਾਲ ਸੇਵਾ ਨੂੰ ਵੀ ਤਤਪਰ ਰਹਿੰਦਾ ਹੈ। ਆਪਣਾ ਜਿੰਨਾਂ ਵੀ ਲਾਈਵ ਟੈਲੀਕਾਸਟ ਹੋ ਰਿਹਾ ਹੈ ਇਹ ਇਸ ਦੀ ਮੇਹਨਤ ਹੈ ਇਹ ਤਕਰੀਬਨ ਸੱਤ ਅੱਠ ਸਾਲ ਤੋਂ ਇਸ ਪਾਸੇ ਲੱਗਾ ਹੋਇਆ ਹੈ॥ ਤੁਸੀਂ ਵੀ ਕਿਹੋ ਜਿਹੀ ਸੇਵਾ ਕਰਨੀ ਹੈ ਕਿਵੇਂ ਕਰਨੀ ਹੈ ਇਹ ਸੋਚੋ ਤੇ ਸਿਰਫ ਸੁਝਾਅ ਹੀ ਨਹੀਂ ਅੱਗੇ ਹੋ ਕੇ ਆਪ ਸੇਵਾ ਵਿੱਚ ਨਾਮ ਲਿਖਾਓ। ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ***ਜਿੰਨੇ ਵੀ ਤੁਸੀਂ ਏਥੇ ਬੈਠੇ ਹੋ ਪ੍ਰਯੋਗ ਸ਼ੁਰੂ ਹੋਣ ਵਾਲੇ ਹਨ ਇਹ ਪ੍ਰਣ ਕਰੋ ਕਿ ਘੱਟ ਤੋਂ ਘੱਟ ਚਾਰ ਜਾਂ ਪੰਜ ਦਿਨ ਜਾਂ ਹਫਤਾ ਆਪਣੇ ਕੰਮਾਂ ਤੋਂ ਛੁੱਟੀ ਲੈ ਕੇ ਜਰੂਰ ਪ੍ਰਯੋਗ ਵਿੱਚ ਲੱਗੋਗੇ ਤੇ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਖੁਸ਼ੀਆਂ ਲਵੋਂਗੇ।*** ਸਤਿਗੁਰੂ ਜੀ ਨਾਲ ਇਸ ਨੇੜਤਾ ਤੇ ਸਨੇਹ ਭਰੀ ਵਿਸ਼ੇਸ਼ ਇਕੱਤਰਤਾ ਨਾਲ ਨਾਮਧਾਰੀ ਨੌਜਵਾਨਾਂ ਨੂੰ ਬਹੁਤ ਖੁਸ਼ੀ ਮਿਲੀ ਸੀ ਉਹਨਾਂ ਦੇ ਅੰਦਰ ਸੇਵਾ ਕਰਨ ਦਾ ਇੱਕ ਜਜਬਾ ਸਤਿਗੁਰੂ ਜੀ ਭਰ ਦਿੱਤਾ ਸੀ।ਸਤਿਗੁਰੂ ਜੀ ਵਿਦਿਅਕ ਸੰਮੇਲਨਾਂ ਦੇ ਸਲੇਬਸ ਦਾ ਨਵਾਂ ਖਾਕਾ ਵੀ ਨੌਜਵਨਾਂ ਨੂੰ ਅਜੋਕੀ ਤਕਨੀਕ ਨਾਲ ਬਣਾਉਣ ਲਈ ਪ੍ਰੇਰਿਆ ਤਾਂ ਕਿ ਪਾਵਰ ਪੁਆਇੰਟ ਆਦਿ ਢੰਗਾਂ ਨਾਲ ਬੱਚਿਆਂ ਨੂੰ ਜਾਣਕਾਰੀ ਦਿੱਤੀ ਜਾ ਸਕੇ, ਨਾਟਕ ਖੇਲੇ ਜਾਣ ਸਾਲ ਚ ਦੋ ਜਾਂ ਚਾਰ ਕਿਉਂ ਜੋ ਬੱਚੇ ਇਹ ਸਭ ਦੇਖ ਕੇ ਜਲਦੀ ਸਿੱਖਦੇ ਹਨ ਇਸ ਲਈ ਤੁਸੀ ਵਿਰਕ ਜੀ ਤੇ ਸੇਵਕ ਹਰਪਾਲ ਸਿੰਘ ਦੀ ਸਲਾਹ ਲੈ ਸਕਦੇ ਹੋ ਜੋ ਸਾਡੇ ਵਿੱਚ ਏਥੇ ਵੀ ਬੈਠੇ ਹਨ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਕਿ ***ਲੰਬੇ ਲੰਬੇ ਭਾਸ਼ਨਾ ਵਿੱਚ ਕੁਝ ਨਹੀਂ ਹੁੰਦਾ ਕਿਉਂਕਿ ਹਰ ਕੋਈ ਚਾਹੁੰਦਾ ਹੈ ਕਿ ਮੈਨੂੰ ਸੁਣੋ ਪਰ ਮੈ ਨਾ ਸੁਣਾਂ। ਪਰ ਅੱਜ ਦੀ ਜਰੂਰਤ ਘੱਟ ਬੋਲ ਕੇ ਵੱਧ ਕੰਮ ਕਰਨ ਵਾਲਿਆਂ ਦੀ ਹੈ ਉਹ ਵੀ ਸਵੈ ਇੱਛਤ ਸੇਵਾਦਾਰਾਂ ਦੀ। ਮੈਨੂੰ ਆਪਸ ਵਿੱਚ ਬੈਠ ਕੇ ਸਲਾਹ ਕਰਕੇ ਦੱਸੋ ਕਿ ਤੁਸੀ ਵੱਖੋ ਵੱਖ ਖੇਤਰਾਂ ਦੇ ਗਰੁੱਪ ਬਣਾ ਕੇ ਕਿਸ ਢੰਗ ਨਾਲ ਸੇਵਾ ਦੇ ਕਾਰਜਾਂ ਨੂੰ ਅੱਗੇ ਵਧਾਓਗੇ । ਜਲਦੀ ਹੀ ਅਸੀਂ ਦੁਬਾਰਾ ਬੈਠਾਂਗੇ ਤੇ ਵੇਖਾਂਗੇ ਕਿ ਅੱਜ ਦੀ ਇਕੱਤਰਤਾ ਦੀ ਰਿਜ਼ਲਟ ਕੀ ਨਿਕਲਿਆ ਹੈ।***

ਹਾਜ਼ਰ ਹੋਏ ਨੌਜਵਾਨਾਂ ਤੋਂ ਉਹਨਾਂ ਦੇ ਵਿਜ਼ਟਿੰਗ ਕਾਰਡ ਵੀ ਵਿਦਿਅਕ ਜਥੇ ਵੱਲੋਂ ਡਰਾਪ ਬਾਕਸ ਵਿੱਚ ਸੰਭਾਲੇ ਗਏ ।ਬਹੁਤ ਸਾਰੇ ਉਹ ਨੌਜਵਾਨ ਜਿਨਾਂ ਨਾਲ ਅਸੀਂ ਸੰਪਰਕ ਨਹੀ ਕਰ ਸਕੇ ਤੇ ਜਿਨਾਂ ਨੂੰ ਇਸ ਇਕੱਤਰਤਾ ਦਾ ਬਾਅਦ ਵਿੱਚ ਪਤਾ ਚੱਲਿਆ ਭਵਿੱਖ ਵਿੱਚ ਸੰਪਰਕ ਕੀਤਾ ਜਾ ਸਕੇ ਇਸ ਲਈ ਉਹਨਾਂ ਨੂੰ ਵਿਸ਼ਵ ਨਾਮਧਾਰੀ ਵਿਦਿਅਕ ਜਥੇ ਦੇ ਸੰਪਰਕ ਵਿੱਚ ਰਹਿਣ ਦੀ ਬੇਨਤੀ ਕੀਤੀ ਗਈ।

ਸ੍ਰੀ ਸਤਿਗੁਰੂ ਉਦੇ ਸਿੰਘ ਸੱਚੇ ਪਾਤਿਸ਼ਾਹ ਜੀ ਦਾ ਦਿਨੋ ਦਿਨ ਵਧਦਾ ਪ੍ਰਤਾਪ ਕਦੀਂ ਕਦਾਈ ਆਪ ਜੀ ਦੇ ਮੁੱਖ ਮੰਡਲ ਤੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਝਲਕ ਪੈਂਦੀ ਹੈ ਕਦੀਂ ਆਪ ਜੀ ਸਤਿਗੁਰੂ ਜਗਜੀਤ ਸਿੰਘ ਜੀ ਜਿਹਾ ਆਭਾ ਮੰਡਲ ਸਿਰਜ ਦੇਂਦੇ ਹੋ। ਆਪ ਜੀ ਦੇ ਔਰੇ ਚ ਆਇਆ ਕੋਈ ਵੀ ਸਖਸ਼ ਜੋ ਮਰਜੀ ਸੋਚ ਕੇ ਆਇਆ ਹੋਵੇ ਪਰ ਦਰਸ਼ਨ ਕਰਕੇ ਪ੍ਰਭਾਵ ਕਬੂਲੇ ਬਿਨਾ ਨਹੀਂ ਰਹਿੰਦਾ। ਗੁਰਗੱਦੀ ਤੇ ਬੈਠਦਿਆਂ ਸਾਰ ਹੀ ਔਕੜਾਂ ਦਾ ਪਹਾੜ, ਵਿਰੋਧਤਾ ਦੀ ਦੁਸ਼ਟ ਅਗਨੀ ਦੀ ਪ੍ਰਵਾਹ ਨਾ ਕਰਦੇ ਹੋਏ ਆਪ ਜੀ ਸਤਿਗੁਰੂ ਹਰੀ ਸਿੰਘ ਜੀ ਵਾਂਗ ਸੀਤਲਤਾ ਤੇ ਸਹਿਣਸ਼ੀਲਤਾ ਦਾ ਪੁੰਜ ਬਣ ਉਗਵੇ ਹੋ। ਆਪ ਜੀ ਗੁਰਗੱਦੀ ਤੇ ਸੁਭਾਇਮਾਨ ਹੁੰਦਿਆਂ ਪੱਤਰਕਾਰਾਂ ਦੇ ਇਸ ਸਵਾਲ ਦਾ ਜਵਾਬ ਦੇਂਦੇ ਹੋਏ ਕਿ 'ਤੁਹਾਡਾ ਅਗਲਾ ਪ੍ਰੋਗਰਾਮ ਕੀ ਹੋਵੇਗਾ?" ਆਪ ਜੀ ਹੁਕਮ ਕੀਤਾ ਸੀ ਕਿ **ਜੋ ਪ੍ਰੋਗਰਾਮ ਸਤਿਗੁਰੂ ਜਗਜੀਤ ਸਿੰਘ ਜੀ ਸਾਨੂੰ ਦੇ ਗਏ ਹਨ ਉਸ ਤੋਂ ਵੱਡਾ ਪ੍ਰੋਗਰਾਮ ਕੋਈ ਹੋ ਹੀ ਨਹੀਂ ਸਕਦਾ ਸਤਿਗੁਰੂ ਕਿਰਪਾ ਕਰਨ ਅਸੀਂ ਉਸੇ ਪ੍ਰੋਗਰਾਮ ਅਨੁਸਾਰ ਚਲ ਸਕੀਏ।** ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਦੂਰ ਅੰਦੇਸ਼ੀ ਤੇ ਵਿਸ਼ੇਸ਼ ਕਿਰਪਾ ਨਾਮਧਾਰੀ ਪੰਥ ਨੂੰ ਬਹੁਤ ਸੁੱਖ ਬਖਸ਼ੇਗੀ ਤੇ ਸਤਿਗੁਰੂ ਰਾਮ ਸਿੰਘ ਜੀ ਦੇ ਇਸ ਘਰ ਦੀਆਂ ਉੱਚੀਆਂ ਸੁੱਚੀਆਂ ਕਦਰਾਂ ਕੀਮਤਾਂ ਦਾ ਪ੍ਰਚਾਰ ਪ੍ਰਸਾਰ ਦੁਨੀਆਂ ਭਰ ਵਿੱਚ ਹੋਵੇਗਾ।

*ਸੁਖਵਿੰਦਰ ਸਿੰਘ ਲਾਇਲ*
*ਸਕੱਤਰ ਵਿਸ਼ਵ ਨਾਮਧਾਰੀ ਵਿਦਿਅਕ ਜਥਾ*
*ਸ੍ਰੀ ਭੈਣੀ ਸਾਹਿਬ*

# ਕਿੰਨਾ ਪਰ-ਉਪਕਾਰ ਕਮਾ ਗਏ ਓ

**ਪ੍ਰੋ. ਜੋਗਿੰਦਰ ਸਿੰਘ ਕੰਗ**

ਧੰਨ ਧੰਨ ਤੁਸੀਂ ਚੰਦ ਕੌਰ ਮਾਤਾ ਲੋਹ ਲੰਗਰ ਨੂੰ ਖੂਬ ਚਲਾ ਗਏ ਓ।
ਦਿਨ ਰਾਤ ਸੇਵਾ ਵਿਚ ਲੀਨ ਰਹਿ ਕੇ, ਸਾਨੂੰ ਸੇਵਾ ਦੀ ਜਾਚ ਸਿਖਾ ਗਏ ਓ।
ਕੱਚਾ ਹੁੰਦਾ ਸੀ ਕਦੇ ਭੈਣੀ ਸਾਹਿਬ ਸਾਰਾ, ਸੁੰਦਰ ਓਸ ਨੂੰ ਕਿੰਨਾ ਬਣਾ ਗਏ ਓ।
ਤੁਰ ਪਏ ਗੁਰੂ ਜਗਜੀਤ ਜਗ ਤਾਰਨੇ ਨੂੰ, ਪਿਛੋਂ ਪੰਥ ਦੀ ਸਾਂਭ ਦਰਸਾ ਗਏ ਓ।
ਸੰਗਤ ਆਈ ਨੂੰ ਰਹੇ ਅਸੀਸ ਦੇਂਦੇ, ਜਗਤ ਮਾਤਾ ਵੀ ਤੁਸੀਂ ਅਖਵਾ ਗਏ ਓ।
ਲੋੜਵੰਦਾਂ ਦੀ ਰਹੇ ਇਮਦਾਦ ਕਰਦੇ, ਕਿੰਨਾ ਪਰ-ਉਪਕਾਰ ਕਮਾ ਗਏ ਓ।
ਪ੍ਰਤਾਪ ਗੁਰੂ ਦੀ ਬਣ ਕੇ ਨੂੰਹ ਵੱਡੀ, ਵੱਡੇ ਪੂਰਨੇ ਪੰਥ 'ਚ ਪਾ ਗਏ ਓ।
ਸੇਵਾ ਸਿਮਰਨ ਤਿਆਗ ਦੀ ਬਣ ਮੂਰਤ, ਮਜੀਠ ਰੰਗ 'ਚ ਜੀਵਨ ਰੰਗਾ ਗਏ ਓ।
ਫ਼ਰਿਆਦੀ ਜੋ ਵੀ ਦਰ 'ਤੇ ਆਣ ਪੁੱਜਾ, ਉਹਦੇ ਮਨ ਦਾ ਕਮਲ ਖਿੜਾ ਗਏ ਓ।
ਸੇਵਾ ਪੰਥ ਤੇ ਕੌਮ ਦੀ ਕਰ ਡਾਢੀ, ਜੀਵਨ ਪੰਥ ਤੋਂ ਘੋਲ ਘੁਮਾ ਗਏ ਓ।
ਸਾਨੂੰ ਹੱਸ ਹੱਸ ਖੁਸ਼ੀਆਂ ਵੰਡਦੇ ਸੀ, ਅਚਨਚੇਤ ਹੀ ਓਹਲਾ ਕਰਾ ਗਏ ਓ।
ਜੀਵਨ ਨਗਰ ਦਾ ਵੀ ਕਾਇਆ ਕਲਪ ਕੀਤਾ, ਕਿੰਨਾ ਪਰ-ਉਪਕਾਰ ਕਮਾ ਗਏ ਓ।
ਦੁੱਖਾਂ ਦਰਦਾਂ ਦੀ ਜਦ ਵੀ ਘੜੀ ਆਈ, ਦਰਦਵੰਦਾਂ ਦੇ ਦਰਦ ਵੰਡਾ ਗਏ ਓ।
ਦੇਸ਼ ਵਿਦੇਸ਼ ਦਾ ਸਫ਼ਰ ਵੀ ਰਹੇ ਕਰਦੇ, ਕਿੰਨੀ ਹਿੰਮਤ ਦੇ ਤਾਈਂ ਦਿਖਾ ਗਏ ਓ।
ਸਮਰੱਥ ਗੁਰੂ ਜਗਜੀਤ ਦਾ ਵਰ ਪਾ ਕੇ, ਕੂਕਾ ਪੰਥ ਨੂੰ ਚਾਰ ਚੰਨ ਲਾ ਗਏ ਓ।
ਭੈਣੀ ਸਾਹਿਬ ਦਾ ਨਵ-ਨਿਰਮਾਣ ਕਰਕੇ, ਤਪੋ ਭੂਮੀ ਦੀ ਸ਼ਾਨ ਵਧਾ ਗਏ ਓ।
ਮਾਈਆਂ ਉਤੇ ਵੀ ਕਈ ਉਪਕਾਰ ਕੀਤੇ, ਕਿੰਨਾ ਸੇਵਾ ਦਾ ਕੁੰਭ ਰਚਾ ਗਏ ਓ।
ਕੁੱਲ ਪੈਮਾਨੇ ਵੀ ਗਿਣਤੀ ਨਹੀਂ ਕਰ ਸਕਦੇ, ਕਿੰਨਾ ਪਰ-ਉਪਕਾਰ ਕਮਾ ਗਏ ਓ।
ਭੈਣੀ ਰਾਮ ਦਰਬਾਰ ਨੂੰ ਕਰ ਵੱਡਾ, ਬਾਗ਼ ਸਿੱਖੀ ਦਾ ਖੂਬ ਮਹਿਕਾ ਗਏ ਓ।
ਆਲੀਸ਼ਾਨ ਵੀ ਕੋਠੀਆਂ ਬਣ ਗਈਆਂ, ਸਿੱਖਾਂ ਸੇਵਕਾਂ ਤਾਈਂ ਵਸਾ ਗਏ ਓ।
ਬੜੇ ਚਾਵਾਂ ਨਾਲ ਹੋਲਿਆਂ ਮੇਲਿਆਂ 'ਤੇ ਦੁੱਧ ਬੱਚਿਆਂ ਤਾਈਂ ਵਰਤਾ ਗਏ ਓ।
ਸਿਫਤਾਂ ਸਾਰਾ ਸੰਸਾਰ ਹੀ ਕਰੀ ਜਾਵੇ, ਸੇਵਾ ਸਿਦਕ ਦੇ ਦੀਵੇ ਜਗਾ ਗਏ ਓ।
ਕਿਵੇਂ ਸੇਵਾ 'ਚ ਜੀਵਨ ਗੁਜ਼ਾਰਨਾ ਏ, ਸਾਧ ਸੰਗਤ ਦੇ ਤਾਈਂ ਸਮਝਾ ਗਏ ਓ।
ਗੁਰੂ ਜਗਜੀਤ ਤੋਂ 'ਕੰਗ' ਆਦੇਸ਼ ਲੈ ਕੇ, ਕਿੰਨਾ ਪਰ-ਉਪਕਾਰ ਕਮਾ ਗਏ ਓ।

# ਲੁਧਿਆਣਾ ਵਿਖੇ ਹਫਤਾਵਾਰੀ ਸਮਾਗਮ

**12 ਜੂਨ 2016**–ਅੱਜ ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ ਹਫਤਾਵਾਰੀ ਸਮਾਗਮ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਵਸ ਬੜੀ ਹੀ ਸ਼ਰਧਾ ਨਾਲ ਮਨਾਇਆ ਗਿਆ। ਸੰਤ ਗੁਰਿੰਦਰਪਾਲ ਸਿੰਘ ਅਤੇ ਪਰਿਵਾਰ ਵਲੋਂ ਕਰਵਾਏ ਗਏ ਅੱਜ ਦੇ ਸਮਾਗਮ ਵਿਚ ਆਸਾ ਦੀ ਵਾਰ ਜਥੇਦਾਰ ਅਮਰੀਕ ਸਿੰਘ, ਜਥੇਦਾਰ ਜਸਬੀਰ ਸਿੰਘ ਗੁਰਸੇਵਕ ਸਿੰਘ, ਮਨਜੀਤ ਸਿੰਘ ਸੁੰਦਰ ਸਿੰਘ, ਆਸਾ ਸਿੰਘ ਹਰਨਾਮ ਸਿੰਘ ਆਦਿ ਜਥੇ ਨੇ ਕੀਤਾ।

ਬੀਬੀ ਅਵਤਾਰ ਕੌਰ ਵਲੋਂ ਤਿਆਰ ਕੀਤੇ ਗਏ ਬੱਚੇ ਸੰਤ ਕੌਰ ਅਤੇ ਤਾਰਾ ਸਿੰਘ ਨੇ ***"ਮੇਰੇ ਲਾਲਨ ਕੀ ਸੋਭਾ"*** ਸ਼ਬਦ ਪੜ੍ਹਿਆ। ਸ੍ਰੀ ਭੈਣੀ ਸਾਹਿਬ ਤੋਂ ਆਏ ਸੰਤ ਨਿਸ਼ਾਨ ਸਿੰਘ ਦੇ ਸ਼ਗਿਰਦ ਗੁਰਲਾਲ ਸਿੰਘ ਨੇ ਪੰਡਤ ਗੋਪਾਲ ਸਿੰਘ ਜੀ ਦੇ ਜੀਵਨ ਬਾਰੇ ਵਿਸਤਾਰ ਨਾਲ ਜਾਣਕਾਰੀ ਸਾਧ ਸੰਗਤ ਨਾਲ ਸਾਂਝੀ ਕੀਤੀ ਕਿ ਕਿਸ ਤਰ੍ਹਾਂ ਪੰਡਤ ਜੀ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਿਆਰ ਦਾ ਨਿਘ ਮਾਣਿਆ ਤੇ ਜਿਸ ਤਰ੍ਹਾਂ ਸੂਰਜ ਸੰਸਾਰ ਤੇ ਪ੍ਰਕਾਸ਼ ਵੰਡਦਾ ਹੈ ਉਸੀ ਤਰ੍ਹਾਂ ਸੰਗਤ ਵਿਚ ਉਹਨਾਂ ਨੇ ਗਿਆਨ ਨੂੰ ਵੰਡਿਆ ਤਾਂਹੀ ਤਾਂ ਉਹਨਾਂ ਨੂੰ ਗਿਆਨ ਮਾਰਤੰਡ ਦੀ ਉਪਾਧੀ ਨਾਲ ਨਿਵਾਜਿਆ ਗਿਆ। 4 ਸਧਾਰਨ ਪਾਠਾਂ ਦੇ ਭੋਗ ਪਾਏ ਗਏ।

1 ਪਾਠ ਦਾ ਭੋਗ ਸੰਤ ਗੁਰਿੰਦਰਪਾਲ ਸਿੰਘ ਵਲੋਂ ਘਰ ਵਿਚ ਸੁਖ ਸ਼ਾਂਤੀ ਅਤੇ ਕਾਰੋਬਾਰ ਲਈ।

1 ਪਾਠ ਦਾ ਭੋਗ ਬੀਬੀ ਕੁਲਦੀਪ ਕੌਰ ਵਲੋਂ ਘਰ ਵਿਚ ਸੁਖਸ਼ਾਂਤੀ ਅਤੇ ਕਾਰੋਬਾਰ ਲਈ।

1 ਪਾਠ ਦਾ ਭੋਗ ਸੰਤ ਗੁਰਦੇਵ ਸਿੰਘ ਮੋਤੀ ਨਗਰ ਵਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਤੇ

1 ਪਾਠ ਲੁਧਿਆਣੇ ਵਾਲੇ ਸ਼ਹੀਦਾਂ ਨਮਿਤ ਸੰਤ ਗੁਰਦੇਵ ਸਿੰਘ ਮੋਤੀ ਨਗਰ ਵਾਲਿਆਂ ਵਲੋਂ

593 ਪਾਠ ਚੋਪਈ ਦੇ ਸਾਧ ਸੰਗਤ ਵਲੋਂ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਚੜ੍ਹਦੀ ਕਲਾ ਲਈ।

10 ਪਾਠ ਸੁਖਮਨੀ ਸਾਹਿਬ ਦੇ ਸਾਧ ਸੰਗਤ ਵਲੋਂ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਚੜ੍ਹਦੀ ਕਲਾ ਲਈ ਕਰ ਕੇ ਅਰਦਾਸ ਕੀਤੀ ਗਈ।

ਸਾਧ ਸੰਗਤ ਵਲੋਂ ਸੰਤ ਗੁਰਲਾਲ ਸਿੰਘ ਦਾ ਸਨਮਾਨ ਸੰਤ ਤਰਲੋਚਨ ਸਿੰਘ ਮਠਾਰੂ ਅਤੇ ਜਥੇਦਾਰ ਅਮਰੀਕ ਸਿੰਘ ਨੇ ਕੀਤਾ।

**19 ਜੂਨ 2016**–ਅੱਜ ਨਾਮਧਾਰੀ ਸ਼ਹੀਦੀ ਸਮਾਰਕ ਵਿਖੇ ਹਫਤਾਵਾਰੀ ਸਮਾਗਮ ਵਿਚ ਨਾਮਧਾਰੀ ਵਿਦਿਅਕ ਜਥਾ ਲੁਧਿਆਣਾ ਵਲੋਂ 'ਗੁਰਮਤਿ ਸਿਖਲਾਈ ਕੈਂਪ' ਦਾ ਆਯੋਜਨ ਕੀਤਾ ਗਿਆ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਲੁਧਿਆਣਾ ਦੇ ਜਥੇ ਵਲੋਂ ਢੋਲਕੀ ਛੈਣਿਆਂ ਨਾਲ ਕੀਤਾ ਗਿਆ। ਉਪਰੰਤ ਸੰਤ ਧਿਆਨ ਸਿੰਘ (ਰਿਟਾਈਰ ਏ. ਜੀ. ਐਮ. ਬੈਂਕ ਆਫ ਬੜੌਦਾ) ਵਲੋਂ ਸਾਧ ਸੰਗਤ ਨੂੰ ਸੁਚੱਜੀ ਜੀਵਨ ਜਾਚ ਤੇ ਕਰੀਬ 30 ਮਿੰਟ ਲਈ ਆਪਣੇ ਵਿਚਾਰ ਰਖੇ ਕਿ ਕਿਸ ਤਰ੍ਹਾਂ ਸਾਨੂੰ ਆਪਣੇ ਸਮੇਂ ਦਾ ਸਦਉਪਯੋਗ ਕਰਨਾ ਚਾਹੀਦਾ ਹੈ, ਸਾਡਾ ਵਤੀਰਾ ਸਾਡੇ ਸਾਥੀਆਂ ਨਾਲ, ਘਰ ਦੇ ਨਾਲ ਅਤੇ ਆਪਣੇ ਕਾਰੋਬਾਰੀ ਸਾਥੀਆਂ ਨਾਲ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ। ਕਰੀਬ 45 ਮਿੰਟ ਲਈ ਨਾਮਧਾਰੀ ਪੰਥ ਦੇ ਪ੍ਰਚਾਰਕ ਅਤੇ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਦੇ ਪਾਤਰ ਮਾਸਟਰ ਦਰਸ਼ਨ ਸਿੰਘ ਨੇ ਸਾਧ ਸੰਗਤ ਨਾਲ ਗੁਰਬਾਣੀ ਕਿਸ ਤਰ੍ਹਾਂ ਸ਼ੁੱਧ ਪੜ੍ਹਨੀ ਹੈ ਉਸ ਬਾਰੇ ਬਹੁਤ ਹੀ ਵਿਸਤਾਰ ਨਾਲ ਜਾਣਕਾਰੀ ਦਿਤੀ।

ਸੂਬਾ ਹਰਭਜਨ ਸਿੰਘ ਨੇ ਮਾਸਟਰ ਦਰਸ਼ਨ ਸਿੰਘ ਅਤੇ ਸੰਤ ਧਿਆਨ ਸਿੰਘ ਦਾ ਧੰਨਵਾਦ ਕੀਤਾ ਜਿੰਨਾਂ ਨੇ ਆਪਣੇ ਵੱਡਮੁਲੇ ਵਿਚਾਰ ਸਾਧ ਸੰਗਤ ਨਾਲ ਸਾਂਝੇ ਕੀਤੇ। ਸੂਬਾ ਜੀ ਨੇ ਕਿਹਾ ਕਿ ਇਸ ਤਰ੍ਹਾਂ ਦੇ ਪ੍ਰੋਗਰਾਮ ਅਗੇ ਵੀ ਹੋਣੇ ਚਾਹੀਦੇ ਹਨ। ਉਹਨਾਂ ਨੇ ਕਿਹਾ ਕਿ ਅੱਜ ਦੇ ਇਸ ਸਿਖਲਾਈ ਕੈਂਪ ਤੋਂ ਸਾਨੂੰ ਬਹੁਤ ਫਾਇਦਾ ਹੋਇਆ ਹੈ। ਸਾਧ ਸੰਗਤ ਵਲੋਂ ਮਾਸਟਰ ਦਰਸ਼ਨ ਸਿੰਘ ਅਤੇ ਸੰਤ ਧਿਆਨ ਸਿੰਘ ਦਾ ਸਨਮਾਨ ਕੀਤਾ ਗਿਆ। ■

# ਵਿਦਿਅਕ ਸੰਮੇਲਨ ਦੌਰਾਨ ਪ੍ਰਕਾਸ਼ਨਾਵਾਂ ਰਿਲੀਜ਼

ਵਿਸ਼ਵ ਨਾਮਧਾਰੀ ਵਿਦਿਅਕ ਜਥੇ ਦੇ ੫੧ਵੇਂ ਵਾਰਸ਼ਿਕ ਸੰਮੇਲਨ ਦੇ ਉਦਘਾਟਨੀ ਸਮਾਰੋਹ ਦੌਰਾਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਦੋ ਪ੍ਰਕਾਸ਼ਨਾਵਾਂ ਦਾ ਵਿਮੋਚਨ ਕੀਤਾ।ਪਹਿਲਾਂ ੧੯੯੮ ਵਿੱਚ ਪੋਥੀ ਦੇ ਰੂਪ ਵਿੱਚ ਛਪ ਚੁੱਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਜਿਨ੍ਹਾਂ ਦੀ ਸੰਪਾਦਨਾ ਸ ਜਸਵਿੰਦਰ ਸਿੰਘ ਹਿਸਟੋਰੀਅਨ ਵੱਲੋਂ ਕੀਤੀ ਗਈ ਹੈ ਤੇ ਭੂਮਿਕਾ ਵੀ ਉਹਨਾਂ ਦੀ ਲਿਖਤ ਹੈ।ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਇਹਨਾਂ ਹੁਕਮਨਾਮਿਆਂ ਦਾ ਪਾਠ ਕਰਨਾ ਵੀ ਹਰ ਨਾਮਧਾਰੀ ਲਈ ਜਰੂਰੀ ਹੈ।ਨਾਮਧਾਰੀ ਇਤਿਹਾਸ ਦੇ ਖੋਜੀਆਂ ਲਈ ਇਹ ਪੋਥੀ ਬਹੁਤ ਸਹਾਇਕ ਇਤਿਹਾਸਕ ਸਮੱਗਰੀ ਹੈ।ਇਸ ਤੋਂ ਇਲਾਵਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਵਿੱਤਰ ਪ੍ਰਵਚਨਾਂ ਦੀ ਅੰਗਰੇਜ਼ੀ ਵਿੱਚ ਅਨੁਵਾਦ ਕੀਤੀ ਗਈ ਕਿਤਾਬ ਜਿਸ ਦੀ ਭੂਮਿਕਾ ਖੁਦ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਤਕਰੀਬਨ ਢਾਈ ਸਫਿਆਂ ਦੀ ਲਿਖੀ ਹੈ ਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਵਚਨਾਂ ਦਾ ਅਨੁਵਾਦ ਹਜ਼ੂਰ ਸਤਿਗੁਰੂ ਜੀ ਦੇ ਪਾਵਨ ਮਾਰਗ ਦਰਸ਼ਨ ਹੇਠ ਤਰਨਜੀਤ ਸਿੰਘ ਤੇ ਗੁਰਮੁਖ ਸਿੰਘ ਦੋਵਾਂ ਨੌਜਵਾਨਾਂ ਨੇ ਕੀਤਾ ਹੈ।ਕਿਤਾਬ ਦਾ ਨਾਮ ਹੈ Sri Satguru Jagjit Singh ji-Discourses ( ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਵਚਨ )।ਇਸ ਕਿਤਾਬ ਦਾ ਦਾ ਮਕਸਦ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਸਿੱਖਿਆਵਾਂ ਨੂੰ ਵਿਸ਼ਵ ਭਰ ਵਿੱਚ ਪ੍ਰਚਾਰਨਾ ਹੈ। ਇਹ ਦੋਵੇਂ ਕਿਤਾਬਾਂ ਤੇ ਨਵਾਂ ਛਪਿਆ ਨਾਮਧਾਰੀ ਨਿਤਨੇਮ ਦਾ ਗੁਟਕਾ ਜੋ ਕੁਝ ਦਿਨ ਪਹਿਲਾਂ ਹੀ ਸਤਿਗੁਰੂ ਜੀ ਵੱਲੋਂ ਰਿਲੀਜ਼ ਕੀਤਾ ਗਿਆ,ਜਿਸ ਵਿੱਚ ਦਸਮ ਦੀਆਂ ਬਾਣੀਆਂ ਦੀ ਪ੍ਰਮਾਣਿਤ ਬੀੜਾਂ ਤੋਂ ਸੁਧਾਈ ਕੀਤੀ ਗਈ ਹੈ ਤੇ ਭੂਮਿਕਾ ਸੰਤ ਨਿਸ਼ਾਨ ਸਿੰਘ ਜੀ ਭੈਣੀ ਸਾਹਿਬ ਵੱਲੋਂ ਲਿਖੀ ਗਈ ਹੈ ਸ੍ਰੀ ਭੈਣੀ ਸਾਹਿਬ ਵਿੱਚ ਅਦਾਰਾ ਸਤਿਜੁਗ ਦੇ ਸਟਾਲ ਤੇ ਉਪਲੱਬਧ ਹਨ।ਪਾਠਕਾਂ ਨੂੰ ਬੇਨਤੀ ਹੈ ਕਿ ਉਹ ਸਤਿਗੁਰੂ ਜਗਜੀਤ ਸਿੰਘ ਜੀ ਵਾਲੀ ਕਿਤਾਬ ਨੂੰ ਪੜ੍ਹ ਕੇ ਆਪਣੇ ਵਿਚਾਰ ਸਾਨੂੰ ਈ ਮੇਲ ਰਾਹੀਂ ਭੇਜਣ ਦੀ ਕਿਰਪਾਲਤਾ ਕਰਨ। –ਸੁਖਵਿੰਦਰ ਸਿੰਘ ਲਾਇਲ

# ਸਲੋਹ ਵਿਚ ਅਧਿਆਤਮਕ ਸਵੇਰ

**ਸਲੋਹ, 10 ਜੂਨ–** ਅੱਜ ਇਥੇ ਯੂ. ਕੇ. ਦੀ ਨਗਰੀ ਸਲੋਹ ਵਿਚ ਨਾਮਧਾਰੀ ਸਾਧ ਸੰਗਤ ਹੰਸਾਂ ਵਰਗੇ ਚਿੱਟੇ ਬਾਣੇ ਵਿਚ ਸੰਤ ਸਤਪਾਲ ਸਿੰਘ ਭੁੱਲਰ ਘਰ ਜਾ ਰਹੀ ਸੀ ਉਥੇ ਪਹੁੰਚ ਕੇ ਸਫੈਦ ਕੀਤੀ ਗਈ ਵਿਛਾਈ ਉਤੇ ਵਿਛੇ ਸਤਿਗੁਰੂ ਜੀ ਦੇ ਆਸਣ ਅਗੇ ਮੱਥਾ ਟੇਕ ਕੇ ਸਭ ਮਾਲਾਂ ਫੇਰਦੇ ਹੋਏ ਨਾਮ ਸਿਮਰਨ ਵਿਚ ਲੀਨ ਹੋ ਰਹੇ ਸਨ। ਦੂਜੇ ਪਾਸੇ ਤਿੰਨ ਉਸਤਾਦ, ਉਸਤਾਦ ਹਰਭਜਨ ਸਿੰਘ, ਉਸਤਾਦ ਗੁਰਦੇਵ ਸਿੰਘ ਅਤੇ ਉਸਤਾਦ ਕਿਰਨਪਾਲ ਸਿੰਘ ਆਸਾ ਦੀ ਵਾਰ ਦੇ ਕੀਰਤਨ ਰਾਹੀਂ ਸਾਧ ਸੰਗਤ ਵਿਚ ਇਸ ਗਲ ਦਾ ਸੰਚਾਰ ਕਰ ਰਹੇ ਸਨ–

***ਬਿਨੁ ਸਤਿਗੁਰ ਕਿਨੈ ਨਾ ਪਾਇਓ***
***ਬਿਨੁ ਸਤਿਗੁਰ ਕਿਨੈ ਨਾ ਪਾਇਆ।।***

ਉਹਨਾਂ ਦਾ ਸਾਥ ਤਬਲੇ ਤੇ ਨੌਜਵਾਨ ਕਰਤਾਰ ਸਿੰਘ ਦਿਓਰਾ ਅਤੇ ਗੁਰਤੇਜਪਾਲ ਸਿੰਘ ਆਦਿ ਦੇ ਰਹੇ ਸਨ।

ਬਾਹਰ ਕੁਝ ਸਿੰਘ ਅਤੇ ਬੀਬੀਆਂ ਅੰਮ੍ਰਿਤ ਛਕ ਰਹੇ ਸਨ। ਉਹਨਾਂ ਨੇ ਸੂਬਾ ਕੁਲਦੀਪ ਸਿੰਘ ਚਾਨਾ ਦੀ ਅਗਵਾਈ ਹੇਠ ਦੋ ਵੱਖ ਵੱਖ ਹਵਨ ਕੀਤੇ।


ਪ੍ਰੋ. ਤਾਰਾ ਸਿੰਘ ਅਨਜਾਣ ਨੇ ਮਾਝ ਰਾਗ ਦੇ ਸ਼ਬਦ – ***ਮੇਰਾ ਮਨੁ ਲੋਚੈ ਗੁਰ ਦਰਸ਼ਨ ਤਾਈਂ*** ਦੀ ਵਿਆਖਿਆ ਕਰਦਿਆਂ ਕਿਹਾ ਕਿ ਸਤਿਗੁਰੂ ਦੀ ਆਗਿਆ ਵਿਚ ਰਹਿਣ ਵਾਲਾ ਸਭ ਤੋਂ ਛੋਟਾ ਸਾਹਿਬਜ਼ਾਦਾ ਗੁਰੂ ਅਰਜਨ ਦੇਵ ਜੀ ਦੇ ਰੂਪ ਵਿਚ ਗੁਰਗੱਦੀ ਉਤੇ ਸੁਭਾਇਮਾਨ ਹੋਇਆ। ਵੱਡੇ ਦੀ ਚਲਾਕੀ ਤੇ ਸੁਆਰਥੀ ਭਾਵਨਾ ਨੇ ਸਤਿਗੁਰੂ ਜੀ ਦਾ ਉਸ ਬਾਰੇ ਮਨ ਖਟਾ ਕਰ ਦਿੱਤਾ।

ਅਰਦਾਸ ਤੋਂ ਬਾਅਦ ਆਈ ਸਾਧ ਸੰਗਤ ਦੇ ਧੰਨਵਾਦ ਅਤੇ ਨਾਸ਼ਤਾ ਕਰਨ ਨਾਲ ਪ੍ਰੋਗਰਾਮ ਦੀ ਸਮਾਪਤੀ ਹੋਈ। **–ਪੱਤਰ ਪ੍ਰੇਰਕ**

# ਪਿਛੈ ਕੀਰਤਨੁ ਕਰਿਅਹੁ ਨਿਰਬਾਣੁ

ਸ. ਜੋਰਾ ਸਿੰਘ ਮਧੇਕੇ ਪ੍ਰਧਾਨ ਕਿਸਾਨ ਯੂਨੀਅਨ 5 ਮਈ 2016 ਨੂੰ ਆਪਣੀ ਸੰਸਾਰਕ ਯਾਤਰਾ ਪੂਰੀ ਕਰ ਗੁਰੂ ਚਰਨਾਂ ਵਿਚ ਜਾ ਬਿਰਾਜੇ। ਸਸਕਾਰ ਸਮੇਂ ਹਿੰਮਤਪੁਰੇ ਵਾਲੇ ਜਥੇ ਨੇ ਕੀਰਤਨ ਕੀਤਾ। ਆਪ ਜੀ ਕਿਸਾਨ ਯੂਨੀਅਨ ਅਤੇ ਸਮਾਜ ਭਲਾਈ ਦੇ ਕੰਮਾਂ ਵਿਚ ਬਹੁਤ ਕੰਮ ਕਰਦੇ ਸਨ। ਆਪ ਜੀ ਪੂਰਨ ਗੁਰਸਿੱਖ ਅਤੇ ਨਿਤਨੇਮੀ ਸਨ। ਉਹਨਾਂ ਦੇ ਸੁਯੋਗ ਪੁੱਤਰਾਂ ਜਗਦੀਪ ਸਿੰਘ, ਗੁਰਦੀਪ ਸਿੰਘ, ਨਿਰਮਲ ਸਿੰਘ ਨੇ 15 ਮਈ ਵਾਲੇ ਦਿਨ ਪਿਤਾ ਜੀ ਨਮਿਤ ਪਾਠ ਦਾ ਭੋਗ ਪੁਆਇਆ। ਇਸ ਸਮੇਂ ਸੰਗਤ, ਰਿਸ਼ਤੇਦਾਰ, ਮਿੱਤਰਾਂ ਦਾ ਬਹੁਤ ਇਕੱਠ ਸੀ। ਭੋਗ ਤੋਂ ਪਹਿਲਾਂ ਨਾਮਧਾਰੀ ਪੰਥ ਦੇ ਪ੍ਰਸਿੱਧ ਵਿਦਵਾਨ ਸੂਬਾ ਨਿਰੰਜਨ ਸਿੰਘ ਟਮਕੌਦੀ ਵਾਲਿਆਂ ਨੇ – ***ਪ੍ਰਾਣੀ ਏਕੋ ਨਾਮੁ ਧਿਆਵਹੁ***, ਦੇ ਵਿਸ਼ੇ ਤੇ ਪ੍ਰਭਾਵਸ਼ਾਲੀ ਦਿਵਾਨ ਸਜਾਏ। ਦਿਵਾਨ ਤੋਂ ਪ੍ਰਭਾਵਿਤ ਹੋ ਕੇ ਦਸ ਸਰੀਰਾਂ ਨੇ ਭਜਨ ਪੁਛਿਆ। ਗੁਰਸਿੱਖੀ ਜੀਵਨ ਵਿਚ ਰਹਿਣ ਦਾ ਪ੍ਰਣ ਲਿਆ। ਇਸ ਸਮੇਂ ਸੰਤ ਜੋਰਾ ਸਿੰਘ ਹਿੰਮਤਪੁਰਾ ਵਾਲਿਆਂ ਨੇ ਵੀ ਜਥੇ ਸਮੇਤ ਦਰਸ਼ਨ ਦਿੱਤੇ। ਸਾਰਾ ਦਿਨ ਗੁਰੂ ਕਾ ਲੰਗਰ ਅਤੁੱਟ ਵਰਤਦਾ ਰਿਹਾ। ਸ. ਬਲਦੇਵ ਸਿੰਘ ਨੇ ਪ੍ਰਬੰਧ ਵਿਚ ਪੂਰਨ ਸਹਿਯੋਗ ਦਿੱਤਾ। ਪਰਿਵਾਰ ਵਲੋਂ ਧਰਮ ਕਾਰਜਾਂ ਲਈ ਮਾਇਆ ਭੇਟਾ ਦਿੱਤੀ ਗਈ ਅਤੇ ਆਏ ਸਹਿਯੋਗੀਆਂ, ਮਿੱਤਰਾਂ, ਰਿਸ਼ਤੇਦਾਰਾਂ ਦਾ ਇਸ ਮੌਕੇ ਦਰਸ਼ਨ ਦੇਣ ਤੇ ਧੰਨਵਾਦ ਕੀਤਾ ਗਿਆ। **–ਸੰਤ ਕੁਲਵੰਤ ਸਿੰਘ ਲੱਲਕਲਾਂ**

RNI NO.55658/93 Delhi Postal Regd. No. DL(W) 01/2055/15-17
License to Post Without Pre-Payment, U(C) - 169/2015-17





ਸ੍ਰੀ ਸਤਿਗੁਰੂ ਜੀ ਨੇ ਵਿਦਿਅਕ ਜਥਿਆ ਦੇ ਸੰਮੇਲਨ ਦੌਰਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਵਚਨਾਂ ਨੂੰ ਇੰਗਲਿਸ਼ ਵਿੱਚ ਟਰਾਂਸਲੇਟ ਕੀਤੀ ਪੁਸਤਕ Sri Satguru Jagjit Singh Ji - Discourses ਰਲੀਜ਼ ਕਰਨ ਦੀ ਕ੍ਰਿਪਾ ਕੀਤੀ । ਸੰਮੇਲਨ ਦੌਰਾਨ ਹੀ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਹੋਈ ਮੀਟਿੰਗ ਸਮੇਂ ਹਿੱਸਾ ਲੈਂਦੇ ਪੜੇ ਲਿਖੇ ਨੌਜਵਾਨ ਅਤੇ ਬੀਬੀਆਂ ।





ਤਰਨਤਾਰਨ ਅੰਮ੍ਰਿਤਸਰ ਵਿਖੇ ਮਨਾਏ ਸੂਬਾ ਸਾਹਿਬ ਸਿੰਘ ਨਮਿਤ ਮੇਲੇ ਸਮੇਂ ਜਥੇਦਾਰ ਕਮਾਲ ਸਿੰਘ ਦੀਵਾਨ ਸਜਾਉਂਦੇ ਹੋਏ ਨਾਲ ਸੂਬਾ ਸ਼ਾਮ ਸਿੰਘ ਤਰਨਤਾਰਨ ਅਤੇ ਸੂਬਾ ਅਮਰੀਕ ਸਿੰਘ ਅੰਮ੍ਰਿਤਸਰ ਅਤੇ ਸਾਧ-ਸੰਗਤ ਦੀਵਾਨ ਦਾ ਆਨੰਦ ਪ੍ਰਾਪਤ ਕਰਦੇ ਹੋਏ ।



ਸਾਊਥਾਲ ਯੂ.ਕੇ. ਵਿਖੇ ਸੰਤ ਰਿਪੁਦਮਨ ਸਿੰਘ ਨਮਿਤ ਪਾਠ ਦੇ ਭੋਗ ਸਮੇਂ ਧਮੀ ਜੀ (ਤਬਲਾ), ਕਿਰਨਪਾਲ ਸਿੰਘ (ਸੰਤੂਰ) ਸ਼ਬਦ ਗਾਇਨ ਕਰਦੇ ਹੋਏ ।



ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ ਹਫਤਾਵਾਰੀ ਸਮਾਗਮ ਸਮੇਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਮੇਲੇ ਸਮੇਂ ਆਸਾ ਦੀ ਵਾਰ ਦਾ ਕੀਰਤਨ ਕਰਦੇ ਜਥੇਦਾਰ ਅਮਰੀਕ ਸਿੰਘ, ਜਥੇਦਾਰ ਜਸਬੀਰ ਸਿੰਘ ਜਥੇ ਸਮੇਤ - 12 ਜੂਨ 2016



ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ 'ਗੁਰਮਤਿ ਸਿਖਲਾਈ ਕੈਂਪ' ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਮਾਸਟਰ ਦਰਸ਼ਨ ਸਿੰਘ ਅਤੇ ਸੰਤ ਧਿਆਨ ਸਿੰਘ ਹੁਰਾਂ ਸਾਧ-ਸੰਗਤ ਨਾਲ ਗੁਰਬਾਣੀ ਕਿਸ ਤਰ੍ਹਾਂ ਸ਼ੁਧ ਪੜ੍ਹਨੀ ਹੈ ਉਸ ਬਾਰੇ ਬਹੁਤ ਹੀ ਵਿਸਥਾਰ ਨਾਲ ਜਾਣਕਾਰੀ ਦਿੱਤੀ ਸੂਬਾ ਹਰਭਜਨ ਸਿੰਘ ਲੁਧਿਆਣਾ ਅਤੇ ਮੁੱਖ ਅਹੁਦੇਦਾਰਾਂ ਨੇ ਇਹਨਾਂ ਸ਼ਖ਼ਸ਼ੀਅਤਾਂ ਦਾ ਸਨਮਾਨ ਕੀਤਾ ਇੱਕ ਗਰੁਪ ਫੋਟੋ ।

# ਸਹਾਇਤਾ

| | |
|---|---|
| ਕਾਕਾ ਅਰਜਨ ਤਾਰਾ ਸਿੰਘ, ਕ੍ਰਿਸ਼ਨ ਤਾਰਾ ਸਿੰਘ ਯੂ.ਕੇ. ਦਾਦੀ ਜਸਪਾਲ ਕੌਰ ਦੀ ਯਾਦ ਵਿੱਚ | 2000/- |
| ਸੰਤ ਨਵਤੇਜ ਸਿੰਘ ਸੱਗੂ, ਪੁੱਤਰੀ ਨਵਕੀਰਤ ਕੌਰ ਦੇ ਪਹਿਲੇ ਜਨਮ ਦਿਨ ਦੀ ਖ਼ੁਸ਼ੀ ਵਿੱਚ | 1500/- |
| ਸੰਤ ਸਤਵੰਤ ਸਿੰਘ ਪਨੇਸਰ ਯੂ.ਕੇ, ਪੁੱਤਰੀ ਦੇ ਅਨੰਦ ਕਾਰਜ ਦੀ ਖ਼ੁਸ਼ੀ ਵਿੱਚ | 1100/- |
| ਸੰਤ ਪਰਮਜੀਤ ਸਿੰਘ ਲੁਧਿਆਣਾ, ਪਿਤਾ ਸੂਬਾ ਮੇਲਾ ਸਿੰਘ ਦੀ ਯਾਦ ਵਿੱਚ | 1100/- |
| ਸੰਤ ਗੁਰਦਿਆਲ ਸਿੰਘ ਫਲੌਰਾ, ਪੁੱਤਰੀ ਗੁਰਦੇਵ ਕੌਰ ਦੇ ਜਨਮ ਦਿਨ ਦੀ ਖ਼ੁਸ਼ੀ ਵਿੱਚ | 1000/- |
| ਸੰਤ ਰਤਨ ਸਿੰਘ (ਐਡਵੋਕੇਟ), ਸੰਤ ਨਗਰ ਗ੍ਰਹਿ ਵਿਖੇ ਸ੍ਰੀ ਸਤਿਗੁਰੂ ਜੀ ਦੇ ਚਰਣ ਪਾਉਣ ਦੀ ਖ਼ੁਸ਼ੀ ਵਿੱਚ | 500/- |
| ਸਮੂਹ ਸਾਧ-ਸੰਗਤ ਸਿਰਸਾ, ਬਸੰਤ ਮੇਲੇ ਦੀ ਖ਼ੁਸ਼ੀ ਵਿੱਚ | 500/- |
| ਸੰਤ ਜਸਵੰਤ ਸਿੰਘ ਨਕੌੜਾ, ਮਾਤਾ ਗੁਰਮੀਤ ਕੌਰ ਦੇ ਵਰ੍ਹੀਨੇ ਦੇ ਭੋਗ ਸਮੇਂ | 500/- |
| ਸਾਧ-ਸੰਗਤ ਫਤਿਹਾਬਾਦ, ਬਸੰਤ ਮੇਲੇ ਦੀ ਖ਼ੁਸ਼ੀ ਵਿੱਚ | 500/- |
| ਸੰਤ ਅਨੂਪ ਸਿੰਘ ਭਾਵਦੀਨ, ਸਿਰਸਾ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਅਖੰਡ ਪਾਠ ਸਮੇਂ | 500/- |
| ਸੰਤ ਬੂਟਾ ਸਿੰਘ ਮਹੰਤ, ਪ੍ਰਤਾਪ ਨਗਰ ਆਪਣੇ ਪਿਤਾ ਮਹੰਤ ਪ੍ਰੀਤਮ ਸਿੰਘ ਦੇ ਭੋਗ ਸਮੇਂ | 500/- |

Subscriber's Address

Type setting by: CADCON
Designed by : Jaswant Graphics

ਇਕ ਪ੍ਰਤੀ : ਪੰਜ ਰੁਪਈਏ
ਇਕ ਸਾਲ : ਦੇਸ - 250 ਰੁਪਈਏ, ਪ੍ਰਦੇਸ - 30 ਪੌਂਡ
ਪੰਜ ਸਾਲ : ਦੇਸ - 1000 ਰੁਪਈਏ, ਪ੍ਰਦੇਸ - 120 ਪੌਂਡ

ਦਿੱਲੀ
ਵੀਰਵਾਰ: ਸੂਰਜ ਚੜ੍ਹਨ ਦਾ ਸਮਾਂ-ਸਵੇਰੇ 5.24 ਮਿੰਟ
ਵੀਰਵਾਰ: ਸੂਰਜ ਡੁੱਬਣ ਦਾ ਸਮਾਂ-ਸ਼ਾਮੀਂ 7.22 ਮਿੰਟ

Printed and published by Mr. Harvendra Singh Hanspal on behalf of Namdhari Darbar. Printed at Summit Advertising Press, 2 DLF (Part), Moti Nagar, New Delhi-110015 and published from Namdhari Gurdwara, Ramesh Nagar, New Delhi-110015. Editor-Harvendra Singh Hanspal.
Telephone no : 011-40519403, Email : satjugweekly@gmail.com
Issue No. 21 of 28 July 2016